SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 220 | Monday, December 04, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਕ੍ਰੌਂਬੀ ਨੇ ਜਿੱਤੀ ਓਨਟਾਰੀਓ ਲਿਬਰਲ ਪਾਰਟੀ ਦੀ ਲੀਡਰਸ਼ਿਪ ਦੌੜ

ਟੋਰਾਂਟੋ, 3 ਦਸੰਬਰ (ਪੋਸਟ ਬਿਊਰੋ) : ਸਾਬਕਾ ਐਮਪੀ ਤੇ ਤਿੰਨ ਵਾਰੀ ਮਿਸੀਸਾਗਾ ਦੀ ਮੇਅਰ ਰਹਿ ਚੁੱਕੀ ਬੌਨੀ ਕ੍ਰੌਂਬੀ ਨੂੰ ਓਨਟਾਰੀਓ ਦੇ ਲਿਬਰਲਾਂ ਨੇ ਆਪਣਾ ਨਵਾਂ ਆਗੂ ਚੁਣ ਲਿਆ ਹੈ। ਕ੍ਰੌਂਬੀ ਦਾ ਕਹਿਣਾ ਹੈ ਕਿ ਅਗਲੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਉਹ ਪ੍ਰੀਮੀਅਰ ਡੱਗ ਫੋਰਡ ਨਾਲ ਸਿੱਧਾ ਮੱਥਾ ਲਾਵੇਗੀ।



ਦੋ ਵਾਰੀ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਹਾਰਨ ਤੋਂ ਬਾਅਦ ਲਿਬਰਲਾਂ ਵੱਲੋਂ ਕ੍ਰੌਂਬੀ ਹੱਥ ਹੁਣ ਪਾਰਟੀ ਦੀ ਵਾਗਡੋਰ ਸੌਂਪੀ ਗਈ ਹੈ। ਕ੍ਰੌਂਬੀ ਦਾ ਕਹਿਣਾ ਹੈ ਕਿ 2026 ਦੀ ਕੈਂਪੇਨ ਤੇ ਹੁਣ ਦਰਮਿਆਨ ਕਾਫੀ ਕੰਮ ਕਰਨ ਵਾਲਾ ਹੈ ਤੇ ਇਸ ਲਈ ਸਖ਼ਤ ਮਿਹਨਤ ਦੀ ਲੋੜ ਹੋਵੇਗੀ। ਕ੍ਰੌਂਬੀ ਨੇ ਆਖਿਆ ਕਿ ਸਾਡਾ ਸਿੱਧਾ ਮੁਕਾਬਲਾ ਫੋਰਡ ਤੇ ਉਨ੍ਹਾਂ ਦੇ ਕੰਜ਼ਰਵੇਟਿਵਾਂ ਨਾਲ ਰਹੇਗਾ ਤੇ ਅਗਲੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਅਸੀਂ ਫੋਰਡ ਸਰਕਾਰ ਨੂੰ ਚੱਲਦਾ ਕਰਕੇ ਹੀ ਸਾਹ ਲਵਾਂਗੇ।

ਕ੍ਰੌਂਬੀ ਨੇ ਲਿਬਰਲ ਐਮਪੀ ਨੇਟ ਅਰਸਕਾਈਨ-ਸਮਿੱਥ, ਲਿਬਰਲ ਐਮਪੀ ਤੇ ਸਾਬਕਾ ਪ੍ਰੋਵਿੰਸ਼ੀਅਲ ਕੈਬਨਿਟ ਮੰਤਰੀ ਯਾਸਿਰ ਨਕਵੀ ਤੇ ਸਾਬਕਾ ਲਿਬਰਲ ਐਮਪੀ ਤੇ ਮੌਜੂਦਾ ਪ੍ਰੋਵਿੰਸ਼ੀਅਲ ਕਾਕਸ ਮੈਂਬਰ ਟੈੱਡ ਹਸੂ ਨੂੰ ਮਾਤ ਦਿੱਤੀ। ਸਰਵੇਖਣਾਂ ਤੋਂ ਸਾਹ-ਮਣੇ ਆਇਆ ਸੀ ਕਿ ਹੋਰਨਾਂ ਲਿਬਰਲ ਲੀਡਰਸ਼ਿਪ ਉਮੀਦਵਾਰਾਂ ਨਾਲੋਂ ਜੇ ਕ੍ਰੌਂਬੀ ਹੱਥ ਪਾਰਟੀ ਦੀ ਵਾਗਡੋਰ ਦਿੱਤੀ ਜਾਵੇ ਤਾਂ ਅਗਲੀਆਂ ਚੋਣਾਂ ਵਿੱਚ ਲਿਬਰਲ ਪਾਰਟੀ ਕੰਜ਼ਰਵੇਟਿਵਾਂ ਖਿਲਾਫ ਚੰਗੀ ਕਾਰਗੁਜ਼ਾਰੀ ਵਿਖਾ ਸਕਦੀ ਹੈ।

ਟੋਰੀਜ਼ ਵੱਲੋਂ ਕ੍ਰੌਂਬੀ ਨੂੰ ਅਮੀਰਾਂ ਦੀ ਗੱਲ ਸੁਣਨ ਵਾਲੀ ਆਗੂ ਦੱਸਿਆ ਜਾ ਰਿਹਾ ਹੈ ਜਿਹੜੀ ਟੈਕਸਾਂ ਵਿੱਚ ਵਾਧਾ ਕਰੇਗੀ ਜਦਕਿ ਐਨਡੀਪੀ ਦਾ ਕਹਿਣਾ ਹੈ ਕਿ ਫੋਰਡ ਤੇ ਕ੍ਰੌਂਬੀ ਦਰਮਿਆਨ ਕੋਈ ਫਰਕ ਨਹੀਂ ਹੈ। ਇਸ ਉੱਤੇ ਕ੍ਰੌਂਬੀ ਨੇ ਆਖਿਆ ਕਿ ਇੰਜ ਲੱਗਦਾ ਹੈ ਕਿ ਉਸ ਦੇ ਲੀਡਰ ਚੁਣੇ ਜਾਣ ਤੋਂ ਦੋਵੇਂ ਵਿਰੋਧੀ ਧਿਰਾਂ ਡਰ ਗਈਆਂ ਹਨ ਤੇ ਉਨ੍ਹਾਂ ਨੂੰ ਡਰਨਾ ਵੀ ਚਾਹੀਦਾ ਹੈ। 2014 ਵਿੱਚ ਕ੍ਰੌਂਬੀ ਮਿਸੀਸਾਗਾ ਦੀ ਮੇਅਰ ਚੁਣੀ ਗਈ, ਉਸ ਤੋਂ ਪਹਿਲਾਂ ਉਹ ਸਿਟੀ ਕਾਊਂਸਲਰ ਸੀ ਤੇ ਉਸ ਤੋਂ ਵੀ ਪਹਿਲਾਂ ਉਸ ਨੇ ਐਮਪੀ ਵਜੋਂ ਲਿਬਰਲਾ ਲਈ ਮਿਸੀਸਾਗਾ ਦੀ ਅਗਵਾਈ ਕੀਤੀ ਸੀ।

# ਇੱਕ ਵਿਅਕਤੀ ਉੱਤੇ ਹਮਲਾ ਕਰਨ ਵਾਲੇ 4 ਪੰਜਾਬੀ ਮੁੰਡਿਆਂ ਦੀ ਭਾਲ ਕਰ ਰਹੀ ਹੈ ਪੁਲਿਸ

ਬਰੈਂਪਟਨ, 3 ਦਸੰਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਕੀਤੇ ਗਏ ਹਮਲੇ ਦੇ ਸਬੰਧ ਵਿੱਚ ਪੀਲ ਪੁਲਿਸ ਦੇ ਕ੍ਰਿਮੀਨਲ ਇਨਵੈਸਟੀਗੇਸ਼ਨ ਬਿਊਰੋ ਵੱਲੋਂ ਚਾਰ ਪੰਜਾਬੀ ਲੜਕਿਆਂ ਦੀ ਭਾਲ ਕੀਤੀ ਜਾ ਰਹੀ ਹੈ। ਇਨ੍ਹਾਂ ਚਾਰਾਂ ਲੜਕਿਆਂ ਨੂੰ ਲੱਭਣ ਲਈ ਪੁਲਿਸ ਵੱਲੋਂ ਜਨਤਾ ਨੂੰ ਮਦਦ ਕਰਨ ਦੀ ਅਪੀਲ ਵੀ ਕੀਤੀ ਗਈ ਹੈ।



8 ਸਤੰਬਰ ਨੂੰ ਰਾਤੀਂ 1:20 ਦੇ ਨੇੜੇ ਤੇੜੇ ਇੱਕ ਵਿਅਕਤੀ ਮੈਕਲਾਫਲਿਨ ਰੋਡ ਤੇ ਰੇਅ ਲਾਅਸਨ ਬੁਲੇਵਾਰਡ ਇਲਾਕੇ ਵਿੱਚ ਮੌਜੂਦ ਸੀ ਜਦੋਂ ਕਥਿਤ ਤੌਰ ਉੱਤੇ ਕਈ ਲੋਕਾਂ ਨੇ ਉਸ ਉੱਤੇ ਹਮਲਾ ਕਰ ਦਿੱਤਾ ਤੇ ਫਿਰ ਪੁਲਿਸ ਪਹੁੰਚਣ ਤੋਂ ਪਹਿਲਾਂ ਹੀ ਉੱਥੋਂ ਫਰਾਰ ਹੋ ਗਏ।ਉਸ ਵਿਅਕਤੀ ਨੂੰ ਗੰਭੀਰ ਸੱਟਾਂ ਲੱਗੀਆਂ ਪਰ ਉਹ ਜਾਨਲੇਵਾ ਨਹੀਂ ਸਨ ਤੇ ਉਸ ਨੂੰ ਇਲਾਜ ਲਈ ਲੋਕਲ ਹਸਪਤਾਲ ਲਿਜਾਇਆ ਗਿਆ। ਮਾਮਲੇ ਦੀ ਜਾਂਚ ਤੋਂ ਬਾਅਦ ਪੁਲਿਸ ਚਾਰ ਮਸ਼ਕੂਕਾਂ ਨੂੰ ਲੱਭ ਰਹੀ ਹੈ ਜਿਹੜੇ ਅਜੇ ਤੱਕ ਹੱਥ ਨਹੀਂ ਆਏ।

ਜਿਨ੍ਹਾਂ ਦੀ ਪੁਲਿਸ ਨੂੰ ਭਾਲ ਹੈ ਉਨ੍ਹਾਂ ਵਿੱਚ 22 ਸਾਲਾ ਆਫਤਾਬ ਗਿੱਲ, ਬਰੈਂਪਟਨ ਦਾ 22 ਸਾਲਾ ਹਰਮਨਦੀਪ ਸਿੰਘ, ਬਰੈਂਪਟਨ ਦਾ 25 ਸਾਲਾ ਜਤਿੰਦਰ ਸਿੰਘ ਤੇ ਬਰੈਂਪਟਨ ਦਾ ਹੀ 30 ਸਾਲਾ ਸਤਨਾਮ ਸਿੰਘ ਸ਼ਾਮਲ ਹਨ।

# ਯੰਗ ਕਬੱਡੀ ਕਲੱਬ ਦੀ ਅਹਿਮ ਮੀਟਿੰਗ: ਸਾਲ 2024 ਦੇ ਕੈਨੇਡਾ ਕਬੱਡੀ ਕੱਪ ਲਈ ਕਮੇਟੀ ਦੀ ਚੋਣ, ਬਿੱਲਾ ਸਿੱਧੂ ਚੁਣੇ ਗਏ ਪ੍ਰਧਾਨ

ਬਰੈਂਪਟਨ, 3 ਦਸੰਬਰ (ਪੋਸਟ ਬਿਊਰੋ): ਬੀਤੇ ਦਿਨੀਂ ਸਪਰੈਂਜਾ ਬੈਂਕੁਐਟ ਹਾਲ ਵਿਚ ਯੰਗ ਕਬੱਡੀ ਕਲੱਬ ਦੀ ਅਹਿਮ ਮੀਟਿੰਗ ਹੋਈ। ਇਸ ਮੀਟਿੰਗ ਵਿਚ ਸਾਲ 2024 ਦੇ ਕੈਨੇਡਾ ਕਬੱਡੀ ਕੱਪ ਲਈ ਕਮੇਟੀ ਦੀ ਚੋਣ ਕੀਤੀ ਗਈ। ਜਿਸ ਵਿਚ ਬਿੱਲਾ ਸਿੱਧੂ (ਪਲਵਿੰਦਰ ਸਿੰਘ ਸਿੱਧੂ) ਨੂੰ ਕਲੱਬ ਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੌਂਪੀ ਗਈ।



ਇਸ ਮੀਟਿੰਗ ਦੌਰਾਨ ਹੀ ਬਾਕੀ ਅਹੁਦੇਦਾਰਾਂ ਨੂੰ ਵੀ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ, ਜਿਨ੍ਹਾਂ ਵਿਚ ਚੇਅਰਮੈਨ ਕੁਲਵਿੰਦਰ ਪੱਤੜ, ਉੱਪ ਚੇਅਰਮੈਨ ਦਲਜੀਤ ਸਿੰਘ ਮਾਂਗਟ, ਉੱਪ ਪ੍ਰਧਾਨ ਸੁਖਪਾਲ ਡੁਲਕੂ, ਸਕੱਤਰ ਜੱਸੀ ਸਰਾਏ, ਉੱਪ ਸਕੱਤਰ ਪ੍ਰਭਜੋਤ ਸਿੰਘ ਲੱਧੜ, ਖ਼ਜ਼ਾਨਚੀ ਹਰਵਿੰਦਰ (ਰੈਂਬੋ ਸਿੱਧੂ), ਉੱਪ ਖ਼ਜ਼ਾਨਚੀ ਨਰਿੰਦਰ ਧਾਲੀਵਾਲ, ਮੀਡੀਆ ਸਕੱਤਰ ਕਰਨਵੀਰ ਰੰਧਾਵਾ, ਮੱਖਣ ਵਿਰਕ ਅਤੇ ਰਾਣਾ ਰਣਧੀਰ ਸਿੰਘ ਸਿੱਧੂ ਹੋਣਗੇ। ਇਸਤੋਂ ਇਲਾਵਾ ਚਾਰ ਟੀਮ ਮੈਨੇਜਰ ਚੁਣੇ ਗਏ ਜਿਨ੍ਹਾਂ ਵਿੱਚ ਕੁਲਵਰਨ ਮਾਣਾਂ ਲੱਲੀਆਂ, ਸੰਦੀਪ ਲੁੱਧੜ ਗੁਰਦਾਸਪੁਰੀਆ, ਜੱਸਾ ਸਿੱਧਵਾਂ ਦੋਨਾਂ ਅਤੇ ਜਤਿੰਦਰ ਸਿੰਘ ਕੈਪੀ ਲੱਲੀਆਂ। ਇੱਸ ਤੋਂ ਇਲਾਵਾ ਮੈਂਟੀਨੈਂਸ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿੱਚ ਗੋਲਡੀ ਧਾਲੀਵਾਲ, ਸੁੱਖੀ ਸਿੱਧੂ, ਰਾਜਵੀਰ ਸਿੰਘ, ਸੁੱਖਾ, ਨਵੀ ਵਿਰਕ, ਸਨੀ ਉੱਪਲ, ਪਰਮਿੰਦਰ ਲਾਲੀ, ਬਿੱਟੂ ਢੀਂਡਸਾ ਦੇ ਨਾਮ ਸ਼ਾਮਿਲ ਹਨ। ਇਸ ਮੀਟਿੰਗ ਵਿੱਚ ਕੈਨੇਡਾ ਕਬੱਡੀ ਕੱਪ ਨੂੰ ਬਿਹਤਰ ਬਣਾਉਣ ਲਈ ਅਹਿਮ ਵਿਚਾਰਾਂ ਕੀਤੀਆਂ ਗਈਆਂ।

*ਤੁਹਾਨੂੰ ਦੱਸ ਦੇਈਏ ਕਿ 1999 ਵਿਚ ਯੰਗ ਕਬੱਡੀ ਕਲੱਬ ਹੋਂਦ ਵਿਚ ਆਈ ਸੀ ਉਦੋਂ ਤੋਂ ਲਗਾਤਾਰ ਵਿਦੇਸ਼ਾਂ ਵਿਚ ਕਬੱਡੀ ਦੀ ਪ੍ਰਫੁਲਤਾ ਲਈ ਕੰਮ ਕਰਦੀ ਆ ਰਹੀ ਹੈ। ਹਰ ਸਾਲ ਇਨ੍ਹਾਂ ਵਲੋਂ ਕਬੱਡੀ ਦੀ ਟੀਮ ਬਣਾਈ ਜਾਂਦੀ ਹੈ ਅਤੇ ਕਈ ਵਾਰ ਕੱਪ ਜਿੱਤ ਚੁੱਕੀ ਹੈ। ਸੰਨ 2009 ਵਿਚ ਇਨ੍ਹਾਂ ਵਲੋਂ ਸਕਾਈਡੋਮ ਵਿਚ ਕੈਨੇਡਾ ਕਬੱਡੀ ਕੱਪ ਕਰਵਾਕੇ ਇੱਕ ਰਿਕਾਰਡ ਸਥਾਪਿਤ ਕੀਤਾ ਗਿਆ ਸੀ। ਸਾਲ 2024 ਵਿਚ ਵੀ ਕੁਝ ਇਸ ਤਰ੍ਹਾਂ ਦੇ ਹੀ ਉਪਰਾਲੇ ਯੰਗ ਕਬੱਡੀ ਕਲੱਬ ਵਲੋਂ ਕੀਤੇ ਜਾ ਰਹੇ ਹਨ। ਬਿੱਲਾ ਸਿੱਧੂ ਵਲੋਂ ਜਿੱਥੇ ਸਾਰੇ ਯੰਗ ਕਬੱਡੀ ਕਲੱਬ ਦੇ ਮੈਂਬਰ ਅਤੇ ਆਪਣੇ ਹੁਣ ਤੱਕ ਦੇ ਰਹੇ ਸਪੌਂਸਰਜ਼ ਦਾ ਧੰਨਵਾਦ ਕੀਤਾ ਗਿਆ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਕਿਹਾ ਕਿ 2024 ਦੇ ਕੈਨੇਡਾ ਕਬੱਡੀ ਕੱਪ ਲਈ ਸਾਨੂੰ ਕਾਫੀ ਮਾਲੀ ਮੱਦਦ ਦੀ ਜ਼ਰੂਰਤ ਰਹੇਗੀ ਅਤੇ ਇਸ ਨੂੰ ਅਸੀਂ ਦੁਨੀਆਂ ਭਰ ਵਿਚ ਦੇਖਿਆ ਜਾਣ ਵਾਲਾ ਚੋਟੀ ਦਾ ਟੂਰਨਾਮੈਂਟ ਕਰਵਾਵਾਂਗੇ ਤਾਂਕਿ ਕਬੱਡੀ ਇੱਕ ਨਵੇਂ ਮੁਕਾਮ 'ਤੇ ਪਹੁੰਚ ਸਕੇ।*

*ਬਿੱਲਾ ਸਿੱਧੂ ਨੂੰ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਅਤੇ ਇਸ ਦੇ ਨਾਲ-ਨਾਲ ਬਾਕੀ ਕਮੇਟੀ ਮੈਂਬਰਾਂ ਨੂੰ ਅਹੁਦੇ ਦਿੱਤੇ ਜਾਣ ਤੋਂ ਬਾਅਦ ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਵਿਚੋਂ ਅਤੇ ਅਮਰੀਕਾ ਦੇ ਨਾਲ ਹੀ ਭਾਰਤ ਤੋਂ ਬਹੁਤ ਸਾਰੀਆਂ ਕਬੱਡੀ ਕਲੱਬਾਂ ਅਤੇ ਫੈਡਰੇਸ਼ਨਾਂ ਵਲੋਂ ਬਿੱਲਾ ਸਿੱਧੂ ਨੂੰ ਅਤੇ ਸਾਥੀਆਂ ਨੂੰ ਮੁਬਾਰਕਾਂ ਭੇਜੀਆਂ ਗਈਆਂ ਅਤੇ 2024 ਦੇ ਕਬੱਡੀ ਕੱਪ ਲਈ ਸ਼ੁਭਇਸ਼ਾਵਾਂ ਦਿੱਤੀਆਂ ਗਈਆਂ।*

# ਦੱਖਣੀ ਚੀਨ ਸਾਗਰ ਵਿਚ 135 ਚੀਨੀ ਕਿਸ਼ਤੀਆਂ ਦੇਖੀਆਂ ਗਈਆਂ, ਫਿਲੀਪੀਨਜ਼ ਨੇ ਕਿਹਾ- ਸਾਡੇ ਲਈ ਖ਼ਤਰਾ

ਮਾਨੀਲਾ, 3 ਦਸੰਬਰ (ਪੋਸਟ ਬਿਊਰੋ): ਦੱਖਣੀ ਚੀਨ ਸਾਗਰ 'ਚ ਚੀਨ ਅਤੇ ਫਿਲੀਪੀਨਜ਼ ਇਕ ਵਾਰ ਫਿਰ ਆਹਮੋ-ਸਾਹਮਣੇ ਹੋ ਗਏ ਹਨ। ਦਰਅਸਲ, ਦੱਖਣੀ ਚੀਨ ਸਾਗਰ ਦੇ ਵ੍ਹਾਈਟਸਨ ਰੀਫ ਨੇੜੇ ਚੀਨ ਦੀਆਂ 135 ਕਿਸ਼ਤੀਆਂ ਦੇਖੀਆਂ ਗਈਆਂ ਹਨ। ਇਹ ਇਲਾਕਾ ਵਿਵਾਦਤ ਹੈ। ਫਿਲੀਪੀਨਜ਼ ਇਸ ਨੂੰ ਜੂਲੀਅਨ ਫਿਲਿਪ ਰੀਫ ਕਹਿੰਦੇ ਹਨ। ਇਹ ਫਿਲੀਪੀਨਜ਼ ਦੇ ਪਲਵਾਨ ਟਾਪੂ ਤੋਂ ਲਗਭਗ 320 ਕਿਲੋਮੀਟਰ ਦੂਰ ਹੈ। ਚੀਨ ਦੇ ਹੈਨਾਨ ਟਾਪੂ ਤੋਂ ਇਸ ਖੇਤਰ ਦੀ ਦੂਰੀ ਕਰੀਬ ਇੱਕ ਹਜ਼ਾਰ ਕਿਲੋਮੀਟਰ ਹੈ।



ਫਿਲੀਪੀਨਜ਼ ਕੋਸਟ ਗਾਰਡ ਨੇ ਦੱਸਿਆ ਕਿ 13 ਨਵੰਬਰ ਤੱਕ ਇੱਥੇ ਚੀਨ ਦੀਆਂ 111 ਕਿਸ਼ਤੀਆਂ ਮੌਜੂਦ ਸਨ। ਹੁਣ ਇਨ੍ਹਾਂ ਦੀ ਗਿਣਤੀ 135 ਹੋ ਗਈ ਹੈ। ਅਸੀਂ ਇਨ੍ਹਾਂ ਚੀਨੀ ਕਿਸ਼ਤੀਆਂ ਨੂੰ ਚਿਤਾਵਨੀ ਵੀ ਦਿੱਤੀ ਸੀ ਪਰ ਚੀਨ ਵਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਇਹ ਸਾਡੇ ਲਈ ਖ਼ਤਰਾ ਹੈ। ਇਸ ਲਈ ਅਸੀਂ ਇੱਥੇ ਗਸ਼ਤ ਲਈ ਦੋ ਜਹਾਜ਼ ਤਾਇਨਾਤ ਕੀਤੇ ਹਨ।

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
Amarjeet Singh Gill

MagGas Medical Brampton
MGM MAGGAS MEDICAL INC. Helping you breathe deep and rest easy.
CPAP machines, masks and supplies
Free consultations
30 day mask exchange
Free deliveries
(647) 954-9885
20 Maritime Ont Blvd Unit 15 Brampton, ON L6S 0C2

Allstate. You're in good hands.
Insurance
Shawn Budwal
Allstate Sales Agent
Waterdown Agency
94 Dundas Street East, Unit 3
289-678-4024
sbudwal@allstate.ca
Trademark used under licence by Allstate Insurance Company. 232374 | 6-23

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11,

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਰਾਜਸਥਾਨ ਵਿਚ ਭਾਜਪਾ ਨੂੰ ਮਿਲਿਆ ਬਹੁਮਤ, ਭਾਜਪਾ ਦੇ 2 ਸੰਸਦ ਮੈਂਬਰ ਤੀਜੇ ਸਥਾਨ ’ਤੇ ਰਹੇ, ਕਾਂਗਰਸ ਦੇ 17 ਮੰਤਰੀ ਹਾਰੇ ਗਏ

ਜੈਪੁਰ, 3 ਦਸੰਬਰ (ਪੋਸਟ ਬਿਊਰੋ): ਰਾਜਸਥਾਨ ਵਿਚ ਇੱਕ ਵਾਰ ਫਿਰ ਹਰ ਪੰਜ ਸਾਲ ਬਾਅਦ ਸਰਕਾਰ ਬਦਲਣ ਦਾ ਸਿਲਸਿਲਾ ਜਾਰੀ ਹੈ। ਇਨ੍ਹਾਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਬਹੁਮਤ ਹਾਸਿਲ ਹੋ ਗਿਆ ਹੈ। ਚੋਣ ਕਮਿਸ਼ਨ ਮੁਤਾਬਕ ਭਾਜਪਾ 115 ਸੀਟਾਂ 'ਤੇ ਅਤੇ ਕਾਂਗਰਸ 69 ਸੀਟਾਂ 'ਤੇ ਅੱਗੇ ਹੈ, ਜਦਕਿ ਬਾਕੀ ਉਮੀਦਵਾਰ 15 ਸੀਟਾਂ 'ਤੇ ਅੱਗੇ ਹਨ। ਭਾਜਪਾ ਨੇ 112, ਕਾਂਗਰਸ ਨੇ 64 ਅਤੇ ਹੋਰਨਾਂ ਨੇ 14 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਹਾਰ ਨੂੰ ਸਵੀਕਾਰ ਕਰਦੇ ਹੋਏ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਰਾਜਪਾਲ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ ਹੈ।

ਚੋਣ ਨਤੀਜਿਆਂ 'ਤੇ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਨੇ ਕਿਹਾ ਕਿ ਰਾਜਸਥਾਨ ਦੀ ਸ਼ਾਨਦਾਰ ਜਿੱਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦਿੱਤੀ ਗਾਰੰਟੀ ਵਾਲੀ ਜਿੱਤ ਹੈ। ਅਸ਼ੋਕ ਗਹਿਲੋਤ ਨੇ ਹਾਰ ਸਵੀਕਾਰ ਕਰਦੇ ਹੋਏ ਕਿਹਾ ਕਿ ਕੰਮ ਕਰਨ ਦੇ ਬਾਵਜੂਦ ਅਸੀਂ ਕਾਮਯਾਬ ਨਹੀਂ ਹੋਏ, ਇਸ ਦਾ ਮਤਲਬ ਇਹ ਨਹੀਂ ਕਿ ਉਹ ਕੰਮ ਨਾ ਕਰਨ।

ਉੱਥੇ ਹੀ ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਕੇ ਕਿਹਾ ਕਿ ਉਹ ਨਤੀਜਿਆਂ ਨੂੰ ਸਵੀਕਾਰ ਕਰਦੇ ਹਨ, ਵਿਚਾਰਧਾਰਾ ਦੀ ਲੜਾਈ ਜਾਰੀ ਰਹੇਗੀ।

ਪਹਿਲੀ ਵਾਰ ਚੋਣ ਲੜ ਰਹੀ ਭਾਰਤ ਆਦਿਵਾਸੀ ਪਾਰਟੀ ਨੇ 3 ਸੀਟਾਂ ਜਿੱਤੀਆਂ ਹਨ। ਹਨੂੰਮਾਨ ਬੈਨੀਵਾਲ ਨੂੰ ਛੱਡ ਕੇ ਉਨ੍ਹਾਂ ਦੀ ਰਾਸ਼ਟਰੀ ਲੋਕਤਾਂਤਰਿਕ ਪਾਰਟੀ ਦਾ ਕੋਈ ਵੀ ਉਮੀਦਵਾਰ ਨਹੀਂ ਜਿੱਤ ਸਕਿਆ ਹੈ। ਕੌਮੀ ਪਾਰਟੀ ਦਾ ਦਰਜਾ ਰੱਖਣ ਵਾਲੀ ਬਹੁਜਨ ਸਮਾਜ ਪਾਰਟੀ ਦੇ ਸਿਰਫ਼ 2 ਵਿਧਾਇਕ ਹੀ ਜਿੱਤੇ ਹਨ, ਜਦਕਿ ਆਮ ਆਦਮੀ ਪਾਰਟੀ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਵੀ ਇਸ ਚੋਣ ਵਿੱਚ ਕੋਈ ਛਾਪ ਨਹੀਂ ਛੱਡ ਸਕੇ। ਦੋਵੇਂ ਇਕ ਵੀ ਸੀਟ ਨਹੀਂ ਜਿੱਤ ਸਕੇ। ਓਵੈਸੀ ਦੀ ਏਆਈਐਮਆਈਐਮ, ਕਮਿਊਨਿਸਟ ਪਾਰਟੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ ਹੈ।



ਇਨ੍ਹਾਂ ਚੋਣਾਂ ਵਿੱਚ ਕਈ ਹੈਰਾਨ ਕਰਨ ਵਾਲੇ ਨਤੀਜੇ ਆਏ ਹਨ। ਵਿਧਾਨ ਸਭਾ ਸਪੀਕਰ ਡਾ.ਸੀ.ਪੀ. ਜੋਸ਼ੀ ਹਾਰ ਗਏ ਹਨ। ਇਸ ਨਾਲ ਪ੍ਰਸਾਦੀ ਲਾਲ ਮੀਨਾ, ਪ੍ਰਤਾਪ ਸਿੰਘ ਖਚਰੀਆਵਾਸ ਸਮੇਤ ਕਾਂਗਰਸ ਦੇ 25 ਵਿੱਚੋਂ 17 ਮੰਤਰੀ ਹਾਰ ਗਏ ਹਨ। ਸ਼ਾਂਤੀ ਧਾਰੀਵਾਲ ਦੀ ਜਿੱਤ ਹੋਈ ਹੈ।

ਵਿਰੋਧੀ ਧਿਰ ਦੇ ਨੇਤਾ ਰਾਜੇਂਦਰ ਰਾਠੌਰ ਅਤੇ ਵਿਰੋਧੀ ਧਿਰ ਦੇ ਉਪ ਨੇਤਾ ਸਤੀਸ਼ ਪੂਨੀਆ ਵੀ ਹਾਰ ਗਏ ਹਨ। ਭਾਜਪਾ ਨੇ ਜਿਨ੍ਹਾਂ 7 ਸੰਸਦ ਮੈਂਬਰਾਂ ਤੋਂ ਚੋਣ ਲੜੀ ਸੀ, ਉਨ੍ਹਾਂ ਵਿਚੋਂ 4 ਅੱਗੇ ਹਨ ਅਤੇ 3 ਪਿੱਛੇ ਹਨ ਅਤੇ ਦੋਵੇਂ ਸੰਸਦ ਮੈਂਬਰ ਤੀਜੇ ਸਥਾਨ 'ਤੇ ਚੱਲ ਰਹੇ ਹਨ। ਇਸ ਵਾਰ ਫਿਰ ਲੋਕਾਂ ਨੇ ਸਰਕਾਰ ਬਦਲ ਦਿੱਤੀ ਹੈ ਪਰ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਵਿਧਾਨ ਸਭਾ ਦੇ ਸਪੀਕਰ ਸਮੇਤ ਵਿਰੋਧੀ ਧਿਰ ਦੇ ਨੇਤਾ ਅਤੇ ਉਪ ਨੇਤਾ ਦੀ ਹਾਰ ਹੋਈ ਹੈ।

## ਅੱਜ ਨਾਮਾ

ਚਹੁੰਆਂ ਰਾਜਾਂ ਦੇ ਚੋਣ ਰਿਜ਼ਲਟ ਆ ਗਏ,
ਕਾਂਗਰਸ ਪਾਰਟੀ ਨੂੰ ਪਈ ਆ ਸੱਟ ਬੇਲੀ।
ਪਾਰਟੀ ਆਪ ਨਾ ਕਿਤੇ ਕੁਝ ਨਜ਼ਰ ਆਈ,
ਪੀੜ ਉਹ ਪੀਊ ਕਸੀਸ ਜਿਹੀ ਵੱਟ ਬੇਲੀ।
ਭਾਜਪਾ ਜਿੱਤ ਗਈ ਜਿੱਤ ਹੈ ਬਹੁਤ ਵੱਡੀ,
ਖੱਟੀ ਅਨੁਮਾਨ ਤੋਂ ਵੱਧ ਗਈ ਖੱਟ ਬੇਲੀ।
ਹੋਏ ਆ ਭਾਰਤ ਦੀ ਚੋਣ ਲਈ ਪੈਰ ਪੱਕੇ,
ਥਾਂ-ਥਾਂ ਲਾਊਗੀ ਇਹਦੀ ਉਹ ਰੱਟ ਬੇਲੀ।
ਕਿਸੇ ਦੀ ਹਾਰ ਜਾਂ ਕਿਸੇ ਦੀ ਜਿੱਤ ਕਹੀਏ,
ਪਬਲਿਕ ਦੇਂਦੀ ਪਈ ਸੋਚ ਕੇ ਰਾਏ ਬੇਲੀ।
ਹੰਝੂ ਕਿਸੇ ਦੇ ਨਿਕਲਣ ਦਾ ਜ਼ੋਰ ਪਾਉਂਦੇ,
ਜੈਕਾਰੇ ਜਸ਼ਨ ਦੇ ਹੋਰ ਕੋਈ ਲਾਏ ਬੇਲੀ।

**ਤੀਸ ਮਾਰ ਖਾਂ**

# ਝਾਰਖੰਡ ਦੇ ਮੰਤਰੀ ਦਾ ਪੁੱਤਰ ਬਣਿਆ ਚਪੜਾਸੀ : ਸਿਵਲ ਕੋਰਟ ਵਿਚ ਦਰਜਾ ਚਾਰ ਵਿਚ ਚੋਣ



ਰਾਂਚੀ, 3 ਦਸੰਬਰ (ਪੋਸਟ ਬਿਊਰੋ): ਝਾਰਖੰਡ ਸਰਕਾਰ ਦੇ ਇੱਕ ਮੰਤਰੀ ਦੇ ਪੁੱਤਰ ਨੂੰ ਚਪੜਾਸੀ ਦੇ ਅਹੁਦੇ ਲਈ ਚੁਣਿਆ ਗਿਆ ਹੈ। ਇਹ ਚੋਣ ਚਤਰਾ ਸਿਵਲ ਕੋਰਟ ਵਿਚ ਹੋਈ। ਸ਼ੁੱਕਰਵਾਰ 1 ਦਸੰਬਰ ਤੋਂ ਇਸ ਬਾਰੇ ਚਰਚਾ ਚੱਲ ਰਹੀ ਹੈ। ਜਾਣਕਾਰੀ ਮੁਤਾਬਕ ਝਾਰਖੰਡ ਦੇ ਲੇਬਰ ਇੰਪਲਾਇਮੈਂਟ ਕਮ ਟ੍ਰੇਨਿੰਗ ਅਤੇ ਸਕਿੱਲ ਡਿਵੈਲਪਮੈਂਟ ਮੰਤਰੀ ਸਤਿਆਨੰਦ ਭੋਕਤਾ ਦੇ ਬੇਟੇ ਨੂੰ ਪੁਣੇ ਲਈ ਚੁਣਿਆ ਗਿਆ ਹੈ। ਉਸ ਦੇ ਲੜਕੇ ਦਾ ਨਾਮ ਮੁਕੇਸ਼ ਕੁਮਾਰ ਭੋਕਤਾ (28) ਹੈ। ਉਹ ਮੰਤਰੀ ਸਤਿਆਨੰਦ ਭੋਕਤਾ ਦਾ ਤੀਜਾ ਪੁੱਤਰ ਹੈ।

ਚਤਰਾ ਸਿਵਲ ਕੋਰਟ ਵਲੋਂ ਚੋਣ ਸੂਚੀ ਜਾਰੀ ਕੀਤੀ ਗਈ ਹੈ। ਮੰਤਰੀ ਸਤਿਆਨੰਦ ਭੋਕਤਾ ਦੇ ਬੇਟੇ ਮੁਕੇਸ਼ ਦਾ ਨਾਮ ਇਸ ਸੂਚੀ ਦੇ ਪਹਿਲੇ ਪੰਨੇ 'ਤੇ 13ਵੇਂ ਨੰਬਰ 'ਤੇ ਹੈ। ਚੋਣ ਐੱਸਟੀ ਸ਼੍ਰੇਣੀ ਵਿੱਚ ਕੀਤੀ ਗਈ ਹੈ। ਮੁਕੇਸ਼ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਿਤਾ ਰਾਜਨੀਤੀ ਵਿੱਚ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਮੈਂ ਵੀ ਇਸ ਵਿੱਚ ਰਹਾਂ। ਮੈਂ ਕੰਮ ਕਰਾਂਗਾ।

ਚਤਰਾ ਕੋਰਟ ਵੱਲੋਂ ਜਾਰੀ ਨਤੀਜਾ ਪੱਤਰ ਵਿੱਚ ਕਿਹਾ ਗਿਆ ਸੀ ਕਿ ਚੁਣੇ ਗਏ ਉਮੀਦਵਾਰਾਂ ਨੂੰ 15 ਦਸੰਬਰ ਨੂੰ ਜਾਂ ਇਸ ਤੋਂ ਪਹਿਲਾਂ ਜੁਆਇਨ ਕਰਨਾ ਹੋਵੇਗਾ। ਚੁਣੇ ਗਏ ਉਮੀਦਵਾਰਾਂ ਨੂੰ ਸ਼ਾਮਿਲ ਹੋਣ ਸਮੇਂ ਅਸਲ ਦਸਤਾਵੇਜ਼ ਅਤੇ ਮੈਡੀਕਲ ਫਿਟਨੈੱਸ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ। ਇਸ ਦੇ ਨਾਲ ਹੀ ਉਮੀਦਵਾਰਾਂ ਨੂੰ ਇਹ ਲਿਖਤੀ ਰੂਪ ਵਿੱਚ ਦੇਣਾ ਹੋਵੇਗਾ ਕਿ ਉਹ ਨਾ ਤਾਂ ਦਾਜ ਲੈਣਗੇ ਅਤੇ ਨਾ ਹੀ ਦੇਣਗੇ।

# ਮੁੰਬਈ ਵਿਚ ਮੁਆਵਜ਼ੇ ਨੂੰ ਲੈ ਕੇ ਸਮੁੰਦਰ ਵਿਚ ਖੜ੍ਹ ਕੇ ਕੀਤਾ ਪ੍ਰਦਰਸ਼ਨ, ਜਵਾਹਰ ਲਾਲ ਬੰਦਰਗਾਹ ’ਤੇ ਆਉਣ ਵਾਲੇ ਜਹਾਜ਼ਾਂ ਨੂੰ ਰੋਕਿਆ

ਮੁੰਬਈ, 3 ਦਸੰਬਰ (ਪੋਸਟ ਬਿਊਰੋ): ਸ਼ਨੀਵਾਰ ਨੂੰ ਨਵੀਂ ਮੁੰਬਈ ਦੇ ਜਵਾਹਰ ਲਾਲ ਨਹਿਰੂ ਬੰਦਰਗਾਹ 'ਤੇ ਸਮੁੰਦਰ ਵਿਚ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਪਾਣੀ ਵਿੱਚ ਖੜ੍ਹੇ ਹੋ ਕੇ ਅੰਦੋਲਨ ਕਰ ਰਹੇ ਇਨ੍ਹਾਂ ਪ੍ਰਦਰਸ਼ਨਕਾਰੀਆਂ ਨੇ ਜਹਾਜ਼ਾਂ ਦੀ ਆਵਾਜਾਈ ਰੋਕ ਦਿੱਤੀ। ਇਨ੍ਹਾਂ ਲੋਕਾਂ ਦੀ ਜ਼ਮੀਨ ਸਰਕਾਰ ਨੇ 1984 ਵਿੱਚ ਬੰਦਰਗਾਹ ਬਣਾਉਣ ਲਈ ਐਕੁਆਇਰ ਕੀਤੀ ਸੀ ਪਰ ਅੱਜ ਤੱਕ ਇਨ੍ਹਾਂ ਨੂੰ ਮੁਆਵਜ਼ਾ ਨਹੀਂ ਮਿ-ਲਿਆ।



ਐਤਵਾਰ ਨੂੰ ਪੁਲਿਸ ਨੇ ਦੱਸਿਆ ਕਿ ਪ੍ਰਦਰਸ਼ਨਕਾਰੀ ਹਨੂੰਮਾਨ ਕੋਲੀਵਾੜਾ ਪਿੰਡ ਦੇ ਰਹਿਣ ਵਾਲੇ ਸਨ। 60 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

ਪ੍ਰਦਰਸ਼ਨਕਾਰੀਆਂ ਦੇ ਪਿੰਡ ਹਨੂੰਮਾਨ ਕੋਲੀਵਾੜਾ ਦੇ ਸਰਪੰਚ ਪਰਮਾਨੰਦ ਕੋਲੀ ਨੇ ਕਿਹਾ ਕਿ ਅਸੀਂ 38 ਸਾਲਾਂ ਤੋਂ ਮੁਆਵਜ਼ੇ ਦੀ ਮੰਗ ਕਰ ਰਹੇ ਹਾਂ, ਪਰ ਹਾਲੇ ਤੱਕ ਕੋਈ ਹੱਲ ਨਹੀਂ ਹੋਇਆ।

# ਪਾਕਿਸਤਾਨ ਗਏ ਭਾਰਤੀ ਸਿੱਖ ਸ਼ਰਧਾਲੂ ਦੀ ਲਾਹੌਰ ਵਿਚ ਦਿਲ ਦਾ ਦੌਰਾ ਪੈਣ ਨਾਲ ਮੌਤ

ਨਵੀਂ ਦਿੱਲੀ, 3 ਦਸੰਬਰ (ਪੋਸਟ ਬਿਊਰੋ): ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ਪੁਰਬ ਮਨਾਉਣ ਲਈ ਪਾਕਿਸਤਾਨ ਗਏ ਇੱਕ ਭਾਰਤੀ ਸਿੱਖ ਸ਼ਰਧਾਲੂ ਦੀ ਉੱਥੇ ਮੌਤ ਹੋ ਗਈ। ਇਹ ਹਾਦਸਾ ਲਾਹੌਰ ਵਿੱਚ ਵਾਪ-ਰਿਆ। ਸਿੱਖ ਸ਼ਰਧਾਲੂ ਦੀ ਮੌਤ ਦਾ ਕਾਰਨ ਦਿਲ ਦਾ ਦੌਰਾ ਦੱਸਿਆ ਜਾ ਰਿਹਾ ਹੈ। ਫਿਲਹਾਲ ਪਾਕਿਸਤਾਨੀ ਅਧਿਕਾਰੀਆਂ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਪੋਸਟਮਾਰਟਮ ਤੋਂ ਬਾਅਦ ਲਾਸ਼ ਨੂੰ ਪਾਕਿਸਤਾਨ ਤੋਂ ਅਟਾਰੀ ਸਰਹੱਦ ਰਾਹੀਂ ਭਾਰਤ ਲਿਆਂਦਾ ਜਾਵੇਗਾ। ਮ੍ਰਿਤਕ ਦੀ ਪਹਿਚਾਣ ਹਰਿਆਣਾ ਦੇ ਕੁਰੂਕਸ਼ੇਤਰ ਜ਼ਿਲ੍ਹੇ ਦੇ ਪਿੰਡ ਕਹੜਾ ਨੈਸੀ ਨਿਵਾਸੀ ਪ੍ਰੀਤਮ ਸਿੰਘ ਵਜੋਂ ਹੋਈ ਹੈ। ਪ੍ਰੀਤਮ ਸਿੰਘ ਦੀ ਉਮਰ ਲਗਭਗ 60 ਸਾਲ ਸੀ।



ਸਿੱਖ ਸ਼ਰਧਾਲੂਆਂ ਦੇ ਜੱਥੇ ਵਿੱਚ ਪਾਕਿਸਤਾਨ ਗਏ ਪਿੰਡ ਸਲਪਾਣੀ ਕਲਾਂ ਦੇ ਸਰਪੰਚ ਮੇਵਾ ਸਿੰਘ ਨੇ ਦੱਸਿਆ ਕਿ ਪਾਕਿਸਤਾਨ ਵਿੱਚ ਉਨ੍ਹਾਂ ਦਾ ਜੱਥਾ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਵਿਖੇ ਠਹਿਰਿਆ ਹੋਇਆ ਹੈ। ਸ਼ਨੀਵਾਰ ਸ਼ਾਮ ਨੂੰ ਏਮਨਾਬਾਦ ਦੇ ਗੁਰਦੁਆਰਾ ਰੋੜੀ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਸ਼ਾਮ 6 ਵਜੇ ਸਮੂਹ ਸੰਗਤਾਂ ਗੁਰਦੁਆਰਾ ਡੇਰਾ ਸਾਹਿਬ ਵਿਖੇ ਨਤਮਸਤਕ ਹੋਈਆਂ। ਇਸੇ ਦੌਰਾਨ ਅਚਾਨਕ ਪ੍ਰੀਤਮ ਸਿੰਘ ਦੀ ਤਬੀਅਤ ਵਿਗੜ ਗਈ ਅਤੇ ਕੁਝ ਹੀ ਪਲਾਂ ਵਿੱਚ ਉਸ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਪਹੁੰਚੇ ਪਾਕਿਸਤਾਨੀ ਡਾਕਟਰਾਂ ਨੇ ਜਾਂਚ ਤੋਂ ਬਾਅਦ ਦਿਲ ਦਾ ਦੌਰਾ ਪੈਣ ਨੂੰ ਮੌਤ ਦਾ ਕਾਰਨ ਦੱਸਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’,
ਅਸੀਂ ਕਰਾਂਗੇ ‘ਹਾਂ’
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC MEMBER
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਪੰਥ ਪ੍ਰਸਿੱਧ ਰਾਗੀ ਭਾਈ ਪਿਆਰਾ ਸਿੰਘ ਦੀ ਯਾਦ ’ਚ ਗੁਰਮਤਿ ਸਮਾਗਮ ਆਯੋਜਤ

## ਜੱਥੇਦਾਰ ਗਿਆਨੀ ਰਘਬੀਰ ਸਿੰਘ ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ



ਅੰਮ੍ਰਿਤਸਰ, 3 ਦਸੰਬਰ (ਗਿਆਨ ਸਿੰਘ): ਬੀਤੇ ਦਿਨ ਸ਼੍ਰੋਮਣੀ ਰਾਗੀ ਭਾਈ ਜਸਵੰਤ ਸਿੰਘ ਤੇ ਭਾਈ ਮਨਜੀਤ ਸਿੰਘ ਵੱਲੋਂ ਆਪਣੇ ਪਿਤਾ ਰਾਗੀ ਭਾਈ ਪਿਆਰਾ ਸਿੰਘ ਦੀ ਯਾਦ ਨੂੰ ਸਮਰਪਿਤ ਕਰਵਾਏ ਗਏ ਗੁਰ-ਮਤਿ ਸਮਾਗਮ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਅੰਮ੍ਰਿਤਸਰ ਸਥਿਤ ਭਾਈ ਵੀਰ ਸਿੰਘ ਹਾਲ ਵਿਖੇ ਹੋਏ ਇਸ ਸਮਾਗਮ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸ਼ੌਕੀਨ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਕੁਲਵਿੰਦਰ ਸਿੰਘ ਨੇ ਕੀਤੀ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਭਾਈ ਪਿਆਰਾ ਸਿੰਘ ਗੁਰੂ ਘਰ ਦੇ ਉਨ੍ਹਾਂ ਰਾਗੀਆਂ ਵਿਚੋਂ ਸਨ, ਜਿਨ੍ਹਾਂ ਨੇ ਨਿਰੋਲ ਅਤੇ ਰਵਾਇਤੀ ਕੀਰਤਨ ਕਰਦੇ ਹੋਏ ਸੰਗਤਾਂ ਦਾ ਸਨੇਹ ਪ੍ਰਾਪਤ ਕੀਤਾ। ਉਨ੍ਹਾਂ ਨੇ ਗੁਰਬਾਣੀ ਨੂੰ ਪ੍ਰੰਪਰਾਗਤ ਰਾਗਾਂ ਵਿਚ ਗਾਉਂਦਿਆਂ ਧਰਮ ਦੇ ਪ੍ਰਸਾਰ ਵਿਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਭਾਈ ਪਿਆਰਾ ਸਿੰਘ ਦੇ ਸਪੁੱਤਰ ਸ਼੍ਰੋਮਣੀ ਰਾਗੀ ਭਾਈ ਜਸਵੰਤ ਸਿੰਘ ਵੀ ਉਨ੍ਹਾਂ ਵੱਲੋਂ ਪਾਏ ਪੂਰਨਿਆਂ ’ਤੇ ਚੱਲਦਿਆਂ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਸੇਵਾਵਾਂ ਨਿਭਾਅ ਰਹੇ ਹਨ। ਸਮਾਗਮ ਸਮੇਂ ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਭੌਰ, ਡਾ. ਇੰਦਰਜੀਤ ਸਿੰਘ ਗੋਗੋਆਣੀ, ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਭਾਈ ਬਲਬੀਰ ਸਿੰਘ ਚੰਗਿਆੜਾ, ਓਐਸਡੀ ਸਤਬੀਰ ਸਿੰਘ ਧਾਮੀ ਨੇ ਵੀ ਸੰਬੋਧਨ ਕਰਦਿਆਂ ਭਾਈ ਪਿਆਰਾ ਸਿੰਘ ਵੱਲੋਂ ਗੁਰਬਾਣੀ ਕੀਰਤਨ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਯਾਦ ਕੀਤਾ। ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸਟੇਜ ਦੀ ਸੇਵਾ ਧਰਮ ਪ੍ਰਚਾਰ ਕਮੇਟੀ ਦੇ ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਵੱਲੋਂ ਨਿਭਾਈ ਗਈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸੁਖਦੇਵ ਸਿੰਘ ਭੌਰ, ਬੀਬੀ ਕਿਰਨਜੋਤ ਕੌਰ, ਬਾਬਾ ਅਮੀਰ ਸਿੰਘ ਜਵੱਦੀ ਟਕਸਾਲ, ਡਾ. ਇੰਦਰਜੀਤ ਸਿੰਘ ਗੋਗੋਆਣੀ, ਰਜਿੰਦਰਮੋਹਨ ਸਿੰਘ ਛੀਨਾ, ਡਾ. ਚੇਤੰਨ ਸਿੰਘ, ਫੈਡਰੇਸ਼ਨ ਆਗੂ ਜਸਬੀਰ ਸਿੰਘ ਘੁੰਮਣ, ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਸ. ਸ਼ਾਹਬਾਜ਼ ਸਿੰਘ, ਹਰਭਜਨ ਸਿੰਘ ਵਕਤਾ, ਮੈਨੇਜਰ ਭਗਵੰਤ ਸਿੰਘ ਧੰਗੇੜਾ, ਸਾਬਕਾ ਮੈਨੇਜਰ ਰਾਜ ਸਿੰਘ, ਰਮਿੰਦਰਬੀਰ ਸਿੰਘ, ਪ੍ਰੋ. ਬਲਜਿੰਦਰਪਾਲ ਸਿੰਘ, ਬਲਬੀਰ ਸਿੰਘ ਚੰਗਿਆੜਾ, ਭਗਵੰਤਪਾਲ ਸਿੰਘ ਸੱਚਰ, ਤਰਲੋਚਨ ਸਿੰਘ, ਪ੍ਰਿੰਸੀਪਲ ਅਮਰਜੀਤ ਸਿੰਘ, ਸਤਪਾਲ ਸਿੰਘ ਦਾਨਸ਼, ਭਾਈ ਸਰਬਜੀਤ ਸਿੰਘ ਯੂਕੇ, ਰਣਦੀਪ ਸਿੰਘ ਤੇ ਅੰਮ੍ਰਿਤ ਸਿੰਘ ਆਦਿ ਮੌਜੂਦ ਸਨ।

# ਵਿੱਤੀ ਸਾਲ 2023-24 ਦੇ ਪਹਿਲੇ 8 ਮਹੀਨਿਆਂ ਦੌਰਾਨ ਜੀ.ਐੱਸ.ਟੀ ਆਮਦਨ 16.61% ਵਧੀ

ਚੰਡੀਗੜ੍ਹ, 3 ਦਸੰਬਰ (ਗਿਆਨ ਸਿੰਘ ): ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਦੱਸਿਆ ਕਿ ਸੂਬੇ ਨੇ ਵਿੱਤੀ ਸਾਲ 2023-24 ਦੇ ਪਹਿਲੇ 8 ਮਹੀਨਿਆਂ ਦੌਰਾਨ ਨਵੰਬਰ ਤੱਕ ਵਸਤੂਆਂ ਅਤੇ ਸੇਵਾ ਕਰ (ਜੀ.ਐੱਸ.ਟੀ.) ਤੋਂ ਨੈਟ ਪ੍ਰਾਪਤੀਆਂ ਵਿੱਚ 16.61 ਫੀਸਦੀ ਦਾ ਵਾਧਾ ਅਤੇ ਆਬਕਾਰੀ ਤੋਂ ਪ੍ਰਾਪਤ ਹੋਣ ਵਾਲੇ ਮਾਲੀਏ ਵਿੱਚ 11.45 ਫੀਸਦੀ ਦਾ ਵਾਧਾ ਦਰ ਦਰਜ ਕੀਤਾ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਹ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਵਿੱਤੀ ਸਾਲ 2022-23 ਵਿੱਚ ਨਵੰਬਰ ਤੱਕ ਰਾਜ ਦੀ ਨੈੱਟ ਜੀਐਸਟੀ ਪ੍ਰਾਪਤੀ 11967.76 ਕਰੋੜ ਰੁਪਏ ਸੀ ਜਦੋਂ ਕਿ ਚਾਲੂ ਮਾਲੀ ਸਾਲ ਦੌਰਾਨ ਰਾਜ ਦੀ ਨੈੱਟ ਜੀਐਸਟੀ ਪ੍ਰਾਪਤੀ 13955.38 ਕਰੋੜ ਰੁਪਏ ਹੈ।

### ਪੰਜਾਬ ਦਾ ਖਜ਼ਾਨਾ ਭਰਨ ਲਈ ਪੂਰੀ ਤਰ੍ਹਾਂ ਵਚਨਬੱਧ : ਹਰਪਾਲ ਸਿੰਘ ਚੀਮਾ

ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਨੈਟ ਜੀ.ਐਸ.ਟੀ ਪ੍ਰਾਪਤੀ ਵਿੱਚ ਕੁੱਲ 1987.62 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ ਗਿਆ ਹੈ।

ਆਬਕਾਰੀ ਤੋਂ ਪ੍ਰਾਪਤ ਮਾਲੀਏ ਦੇ ਅੰਕੜਿਆਂ ਦਾ ਖੁਲਾਸਾ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਚਾਲੂ ਵਿੱਤੀ ਸਾਲ ਵਿੱਚ ਨਵੰਬਰ ਤੱਕ ਆਬਕਾਰੀ ਤੋਂ ਕੁੱਲ ਮਾਲੀਆ 5947.47 ਕਰੋੜ ਰੁਪਏ ਹੈ ਜਦੋਂ ਕਿ ਵਿੱਤੀ ਸਾਲ 2022-23 ਦੇ ਪਹਿਲੇ 8 ਮਹੀਨਿਆਂ ਵਿੱਚ ਕੁੱਲ ਜੀ.ਐਸ.ਟੀ ਮਾਲੀਆ 5336.61 ਕਰੋੜ ਰੁਪਏ ਸੀ, ਇਸ ਤਰ੍ਹਾਂ ਆਬਕਾਰੀ ਤੋਂ ਪ੍ਰਾਪਤ ਮਾਲੀਏ ਵਿੱਚ ਕੁੱਲ 610.86 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨਵੰਬਰ ਤੱਕ ਵੈਟ, ਸੀ.ਐਸ.ਟੀ., ਜੀ.ਐਸ.ਟੀ., ਪੀ.ਐਸ.ਡੀ.ਟੀ. ਅਤੇ ਆਬਕਾਰੀ ਤੋਂ



ਪ੍ਰਾਪਤ ਮਾਲੀਏ ਵਿੱਚ ਨੈੱਟ 13.89 ਪ੍ਰਤੀਸ਼ਤ ਦੇ ਵਾਧਾ ਪ੍ਰਾਪਤ ਹੋਇਆ ਹੈ।

ਸੂਬੇ ਦੇ ਆਪਣੇ ਕਰ ਮਾਲੀਏ ਵਿੱਚ ਵਾਧੇ ਬਾਰੇ ਖੁਲਾਸਾ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਕਰ ਚੋਰੀ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸ ਕੇ ਅਤੇ ਕਰ ਪ੍ਰਣਾਲੀ ਨੂੰ ਸਰਲ ਬਣਾ ਕੇ ਇਮਾਨਦਾਰ ਕਰਦਾਤਾਵਾਂ ਨੂੰ ਸਹੂਲਤ ਦਿੰਦਿਆਂ ਆਪਣੇ ਕਰ ਮਾਲੀਆ ਵਿੱਚ ਵਾਧਾ ਦਰਜ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਜੀਐਸਟੀ ਲਾਗੂ ਹੋਣ ਤੋਂ ਬਾਅਦ ਪਹਿਲੀ ਵਾਰ ਰਾਜ ਦੀਆਂ 8 ਮਹੀਨਿਆਂ ਦੀਆਂ ਕਰ ਪ੍ਰਾਪਤੀਆਂ ਨੇ 25 ਹਜ਼ਾਰ ਕਰੋੜ ਦੇ ਅੰਕੜੇ ਨੂੰ ਛੂਹਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਨੂੰ ਇਸ ਵਿੱਤੀ ਵਰ੍ਹੇ ਦੌਰਾਨ ਨਵੰਬਰ ਮਹੀਨੇ ਦੇ ਅੰਤ ਤੱਕ ਵੈਟ, ਸੀ.ਐਸ.ਟੀ., ਜੀ.ਐਸ.ਟੀ., ਪੀ.ਐਸ.ਡੀ.ਟੀ. ਅਤੇ ਆਬਕਾਰੀ ਤੋਂ 24965.59 ਕਰੋੜ ਦਾ ਮਾਲੀਆ ਪ੍ਰਾਪਤ ਹੋਇਆ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪਿਛਲੇ ਸਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪ੍ਰਸ਼ਾਸਨ ਵਿੱਚ ਪਾਰ-ਦਰਸ਼ਤਾ ਅਤੇ ਕੁਸ਼ਲਤਾ ਲਿਆ ਕੇ ਸੂਬੇ ਦੇ ਆਪਣੇ ਮਾਲੀਏ ਵਿੱਚ ਭਾਰੀ ਵਾਧਾ ਕੀਤਾ ਹੈ ਅਤੇ ਸੂਬੇ ਦੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਇਸ ਵਾਧੇ ਨੂੰ ਬਰਕਰਾਰ ਰੱਖਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਸੂਬੇ ਨੂੰ ਵਿਕਾਸ ਅਤੇ ਖੁਸ਼ਹਾਲੀ ਦੀਆਂ ਬੁਲੰਦੀਆਂ 'ਤੇ ਪਹੁੰਚਾਉਣ ਦੀ ਵਚਨਬੱਧਤਾ ਨੂੰ ਦੁਹਰਾਇਆ।

# ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਜੁੱਤੀ ਬਣਾਉਣ ’ਤੇ 12 ਫ਼ੀਸਦ ਟੈਕਸ ਲਗਾਉਣ ਲਈ ਕੇਂਦਰ ਸਰਕਾਰ ਦੀ ਆਲੋਚਨਾ

ਚੰਡੀਗੜ੍ਹ, 3 ਦਸੰਬਰ 2023: ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੇਂਦਰ ਸਰਕਾਰ ਵੱਲੋਂ ਜੁੱਤੀ ਬਣਾਉਣ/ਸ਼ੂਮੇਕਿੰਗ (ਪੰਜਾਬੀ ਜੁੱਤੀ) ਇੰਡਸਟਰੀ ‘ਤੇ ਟੈਕਸ ਵਧਾਉਣ ਦੇ ਫ਼ੈਸਲੇ ਨੂੰ ਆਪਹੁਦਰਾ ਕਰਾਰ ਦਿੱਤਾ ਹੈ। ਉਨ੍ਹਾਂ ਇਸ ਫ਼ੈਸਲੇ ਲਈ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਇਸ ਨੂੰ ਤੁਰੰਤ ਵਾਪਸ ਲੈਣ ਲਈ ਕਿਹਾ।



ਸਦੀਆਂ ਤੋਂ ਆਪਣੇ ਹੱਥਾਂ ਨਾਲ ਜੁੱਤੀਆਂ ਬਣਾਉਣ ਵਾਲੇ ਕਾਰੀਗਰਾਂ (ਸ਼ੂਮੇਕਰ) ਲਈ ਤੁਰੰਤ ਵਿੱਤੀ ਸਹਾਇਤਾ ਦੀ ਮੰਗ ਕਰਦਿਆਂ ਸਪੀਕਰ ਨੇ ਕਿਹਾ ਕਿ ਇਹ ਲੋਕ ਸਦੀਆਂ ਪੁਰਾਣੀ ਪਰੰਪਰਾ ਨੂੰ ਜੀਵੰਤ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਕੇਂਦਰ ਸਰਕਾਰ ਇਸ ਆਪਹੁਦਰੇ ਫ਼ੈਸਲੇ ਨਾਲ ਇਸ ਰਵਾਇਤੀ ਉਦਯੋਗ ਨੂੰ ਤਬਾਹ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਇਨ੍ਹਾਂ ਰਵਾਇਤੀ ਕਿੱਤਿਆਂ ਦਾ ਸਮਰਥਨ ਕੀਤਾ ਜਾਵੇ ਤਾਂ ਜੋ ਹੱਥੀਂ ਜੁੱਤੀ ਬਣਾਉਣ ਵਾਲੇ ਕਾਰੀਗਰ ਆਪਣੀ ਰੋਜ਼ੀ-ਰੋਟੀ ਕਮਾ ਸਕਣ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੀਆਂ ਲੋਕ ਪੱਖੀ ਅਤੇ ਉਦਯੋਗ ਪੱਖੀ ਨੀਤੀਆਂ ਨਾਲ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਲਗਾਤਾਰ ਵੱਡੇ ਉਪਰਾਲੇ ਕਰ ਰਹੀ ਹੈ ਪਰ ਇਸ ਦੇ ਉਲਟ ਕੇਂਦਰ ਸਰਕਾਰ ਵੱਡੇ ਉਦਯੋਗਿਕ ਦਿੱਗਜਾਂ ਦੀ ਸਹਾਇਤਾ ਤਾਂ ਕਰ ਰਹੀ ਹੈ ਜਦਕਿ ਹਰ ਕਿਸਮ ਦੇ ਅਸੰਗਠਿਤ ਖੇਤਰਾਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

# ਸ਼੍ਰੋਮਣੀ ਕਮੇਟੀ ਨੇ ਬਲਵੰਤ ਸਿੰਘ ਰਾਜੋਆਣਾ ਨੂੰ ਭੁੱਖ ਹੜਤਾਲ ਦਾ ਫੈਸਲਾ ਵਾਪਸ ਲੈਣ ਦੀ ਅਪੀਲ ਕੀਤੀ

ਅੰਮ੍ਰਿਤਸਰ, 3 ਦਸੰਬਰ (ਪੋਸਟ ਬਿਊਰੋ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਕੇਂਦਰੀ ਜੇਲ੍ਹ ਪਟਿਆਲਾ ’ਚ ਨਜ਼ਰਬੰਦ ਬਲਵੰਤ ਸਿੰਘ ਰਾਜੋਆਣਾ ( ) ਨੂੰ ਆਪਣੀ ਭੁੱਖ ਹੜਤਾਲ ਦਾ ਫੈਸਲਾ ਵਾਪਸ ਲੈਣ ਦੀ ਪੁਰਜ਼ੋਰ ਅਪੀਲ ਕੀਤੀ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ’ਚ ਅੰਤ੍ਰਿੰਗ ਕਮੇਟੀ ਦੀ ਉਚੇਚੀ ਇਕੱਤਰਤਾ ਦੌਰਾਨ ਰਾਜੋਆਣਾ ਨੂੰ ਅਪੀਲ ਦੇ ਨਾਲ-ਨਾਲ ਉਨ੍ਹਾਂ ਸਬੰਧੀ ਸੰਘਰਸ਼ ਤੇਜ਼ ਕਰਨ ਦਾ ਵੀ ਫੈਸਲਾ ਹੋਇਆ। ਇਸ ਇਕੱਤਰਤਾ ਵਿਚ ਬੀਤੇ ਕੱਲ੍ਹ ਹੋਈ ਪੰਥਕ ਨੁਮਾਇੰਦਿਆਂ ਦੀ ਬੈਠਕ ਦੀਆਂ ਸਿਫਾਰਸ਼ਾਂ ਅਨੁਸਾਰ ਸਾਂਝੀ ਰਾਏ ਨੂੰ ਪ੍ਰਵਾਨ ਕੀਤਾ ਗਿਆ ਹੈ।

ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬਲਵੰਤ ਸਿੰਘ ਰਾਜੋਆਣਾ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਰਾਸ਼ਟਰਪਤੀ ਪਾਸ ਪਾਈ ਰਹਿਮ ਦੀ ਪਟੀਸ਼ਨ ਵਾਪਸ ਲੈਣ ਸਬੰਧੀ ਪੱਤਰ ਲਿਖਿਆ ਗਿਆ ਸੀ, ਜਿਸ ’ਤੇ ਪੰਥਕ ਨੁਮਾਇੰਦਿਆਂ ਦੀ ਰਾਏ ਹੈ ਕਿ ਸਿੱਖ ਸੰਸਥਾ ਨੂੰ ਪਟੀਸ਼ਨ ਵਾਪਸ ਨਹੀਂ ਲੈਣੀ ਚਾਹੀਦੀ। ਕਿਉਂਕਿ ਇਹ ਪਟੀਸ਼ਨ ਪੰਥ ਦੀਆਂ ਭਾਵਨਾਵਾਂ ਅਨੁਸਾਰ ਪਾਈ ਗਈ ਸੀ, ਜਿਸ ਨੂੰ ਵਾਪਸ ਲੈਣਾ ਕੌਮੀ ਹਿੱਤ ਵਿਚ ਨਹੀਂ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਅੱਜ ਦੀ ਅੰਤ੍ਰਿੰਗ ਕਮੇਟੀ ਇਕੱਤਰਤਾ ਨੇ ਭਾਈ ਰਾਜੋਆਣਾ ਨੂੰ ਵੀ ਸਨਿਮਰ ਅਪੀਲ ਕੀਤੀ ਹੈ ਕਿ ਉਹ 5 ਦਸੰਬਰ 2023 ਤੋਂ ਭੁੱਖ ਹੜਤਾਲ ’ਤੇ ਜਾਣ ਦਾ ਫੈਸਲਾ ਵਾਪਸ ਲੈਣ, ਕਿਉਂਕਿ ਗੁਰਮਤਿ ਫ਼ਲਸਫੇ ਅਨੁਸਾਰ ਅਜਿਹਾ ਕਰਨਾ ਠੀਕ ਨਹੀਂ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਭਾਈ ਰਾਜੋਆਣਾ ਦੇ ਮਾਮਲੇ ’ਤੇ ਸੰਘਰਸ਼ ਤਿੱਖਾ ਕਰਨ ਦਾ ਵੀ ਫੈਸਲਾ ਹੋਇਆ ਹੈ। ਇਸ ਸਬੰਧ ਵਿਚ 20 ਦਸੰਬਰ 2023 ਨੂੰ ਸਮੂਹ ਪੰਥਕ ਨੁਮਾਇੰਦਿਆਂ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਨਵੀਂ ਦਿੱਲੀ ਤੋਂ ਰਾਸ਼ਟਰਪਤੀ ਭਵਨ ਤੱਕ



ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਦੀ ਦਸਤਖ਼ਤੀ ਮੁਹਿੰਮ ਤਹਿਤ ਭਰੇ 26 ਲੱਖ ਪ੍ਰੋਫਾਰਮੇ ਵੀ ਨਾਲ ਲਿਜਾਏ ਜਾਣਗੇ। ਇਸ ਪ੍ਰਦਰਸ਼ਨ ਵਿਚ ਤਖ਼ਤ ਸਾਹਿਬਾਨ ਦੇ ਜਥੇਦਾਰ, ਸਿੰਘ ਸਾਹਿਬਾਨ, ਸੰਤ ਸਮਾਜ, ਦਮਦਮੀ ਟਕਸਾਲ, ਨਿਹੰਗ ਸਿੰਘ ਜਥੇਬੰਦੀਆਂ, ਕਾਰ ਸੇਵਾ ਵਾਲੇ ਮਹਾਂਪੁਰਖ, ਪੰਥਕ ਤੇ ਰਾਜਸੀ ਸਿੱਖ ਜਥੇਬੰਦੀਆਂ, ਸਿੰਘ ਸਭਾਵਾਂ, ਕਿਸਾਨ ਜਥੇਬੰਦੀਆਂ, ਨਿਰਮਲੇ ਅਤੇ ਉਦਾਸੀਆਂ ਦਾ ਭਰਵਾਂ ਇਕੱਠ ਕੀਤਾ ਜਾਵੇਗਾ। ਉਨ੍ਹਾਂ ਸਮੂਹ ਪੰਥਕ ਧਿਰਾਂ ਤੇ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਸਾਂਝੇ ਕੌਮੀ ਕਾਰਜ ਵਿਚ ਆਪ ਮੁਹਾਰੇ ਸ਼ਾਮਲ ਹੋਣ। ਉਨ੍ਹਾਂ ਇਹ ਵੀ ਕਿਹਾ ਕਿ ਉਹ ਨਿੱਜੀ ਤੌਰ ’ਤੇ ਵੱਖ-ਵੱਖ ਪ੍ਰਤੀਨਿਧਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਇਸ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕਰਨਗੇ।

ਇਕੱਤਰਤਾ ’ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਖਾਲਸਾ, ਜਨਰਲ ਸਕੱਤਰ ਲਈ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਕਮੇਟੀ ਮੈਂਬਰ ਰਘਬੀਰ ਸਿੰਘ ਸਹਾਰਨਮਾਜਰਾ, ਜਸਮੇਰ ਸਿੰਘ ਲਾਛੜੂ, ਗੁਰਪ੍ਰੀਤ ਸਿੰਘ ਝੱਬਰ, ਅਮਰਜੀਤ ਸਿੰਘ ਭਲਾਈਪੁਰ, ਬੀਬੀ ਜਸਪਾਲ ਕੌਰ, ਜਸਵੰਤ ਸਿੰਘ ਪੁੜੈਣ, ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸੁਖਮਿੰਦਰ ਸਿੰਘ, ਬਲਵਿੰ-ਦਰ ਸਿੰਘ ਕਾਹਲਵਾਂ, ਮੀਤ ਸਕੱਤਰ ਗੁਰਦਿਆਲ ਸਿੰਘ, ਜਸਵਿੰਦਰ ਸਿੰਘ ਜੱਸੀ, ਸ਼ਾਹਬਾਜ਼ ਸਿੰਘ ਤੇ ਇੰਚਾਰਜ ਅਜ਼ਾਦਦੀਪ ਸਿੰਘ ਹਾਜ਼ਰ ਸਨ।

# ਤੇਲੰਗਾਨਾ ਕਾਂਗਰਸ ਪ੍ਰਧਾਨ ਨੂੰ ਗੁਲਦਸਤਾ ਦੇਣ 'ਤੇ ਡੀਜੀਪੀ ਮੁਅੱਤਲ

ਹੈਦਰਾਬਾਦ, 3 ਦਸੰਬਰ (ਪੋਸਟ ਬਿਊਰੋ) ਚੋਣ ਕਮਿਸ਼ਨ ਨੇ ਤੇਲੰਗਾਨਾ ਦੇ ਡੀਜੀਪੀ ਅੰਜਨੀ ਕੁਮਾਰ ਨੂੰ ਮੁਅੱਤਲ ਕਰ ਦਿੱਤਾ ਹੈ। ਅੰਜਨੀ ਕੁਮਾਰ ਨੂੰ ਚੋਣ ਜ਼ਾਬਤੇ ਦੇ ਨਿਯਮਾਂ ਦੀ ਉਲੰਘਣਾ ਕਰਨ ਦਾ ਦੋਸ਼ੀ ਪਾਇਆ ਗਿਆ। ਦਰਅਸਲ ਸਵੇਰ ਦੇ ਰੁਝਾਨਾਂ ਵਿਚ ਕਾਂਗਰਸ ਨੂੰ ਲੀਡ ਮਿਲਣ ਤੋਂ ਬਾਅਦ ਡੀਜੀਪੀ ਅੰਜਨੀ ਕੁਮਾਰ ਕਾਂਗਰਸ ਪ੍ਰਧਾਨ ਰੇਵੰਤ ਰੈਡੀ ਦੇ ਘਰ ਉਨ੍ਹਾਂ ਨੂੰ ਮਿਲਣ ਪਹੁੰਚੇ। ਉਸ ਸਮੇਂ ਰੇਵੰਤ ਰੈਡੀ ਨੇ ਕਿਤੇ ਵੀ ਚੋਣ ਨਹੀਂ ਜਿੱਤੀ ਸੀ।












## ਇਜ਼ਰਾਈਲ ਨਿਰਦੋਸ਼ ਲੋਕਾਂ ਦੀ ਸੁਰੱਖਿਆ ਲਈ ਹੋਰ ਕੁਝ ਕਰੇ : ਕਮਲਾ ਹੈਰਿਸ




ਵਾਸ਼ਿੰਗਟਨ, 3 ਦਸੰਬਰ (ਪੋਸਟ ਬਿਊਰੋ): ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗ ਤੋਂ ਬਾਅਦ ਲਾਗੂ ਕੀਤੀ ਗਈ ਅਸਥਾਈ ਜੰਗਬੰਦੀ ਖਤਮ ਹੋ ਗਈ ਹੈ। ਇਸ ਤੋਂ ਬਾਅਦ ਇਜ਼ਰਾਇਲੀ ਫੌਜ ਨੇ ਗਾਜ਼ਾ 'ਤੇ ਫਿਰ ਤੋਂ ਤੇਜ਼ ਹਮਲੇ ਸ਼ੁਰੂ ਕਰ ਦਿੱਤੇ। ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਸ ਯੁੱਧ ਵਿਚ ਹੁਣ ਤੱਕ 15 ਹਜ਼ਾਰ ਲੋਕਾਂ ਦੀ ਮੌਤ ਹੋ ਚੁੱਕੀ ਹੈ। ਜੰਗਬੰਦੀ ਤੋਂ ਬਾਅਦ ਦੁਬਾਰਾ ਜੰਗ ਸ਼ੁਰੂ ਹੋਣ 'ਤੇ ਅਮਰੀਕਾ ਨੇ ਚਿੰਤਾ ਜ਼ਾਹਿਰ ਕੀਤੀ ਹੈ। ਅਮਰੀਕੀ ਵਿਦੇਸ਼ ਮੰਤਰੀ ਵੀ ਇਜ਼ਰਾਈਲ ਪਹੁੰਚੇ, ਪਰ ਕੁਝ ਨਹੀਂ ਹੋਇਆ। ਜੰਗ ਸ਼ੁਰੂ ਹੋਣ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਕਮਲਾ ਹੈਰਿਸ ਨੇ ਗਾਜ਼ਾ 'ਚ ਬੇਕਸੂਰ ਨਾਗਰਿਕਾਂ ਦੇ ਮਾਰੇ ਜਾਣ 'ਤੇ ਚਿੰਤਾ ਪ੍ਰਗਟਾਈ ਹੈ। ਅਮਰੀਕਾ ਦਾ ਕਹਿਣਾ ਹੈ ਕਿ ਜੰਗ ਵਿੱਚ ਕਈ ਫਲਸਤੀਨੀਆਂ ਦੀ ਮੌਤ ਹੋ ਚੁੱਕੀ ਹੈ।


ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਸ਼ਨੀਵਾਰ ਨੂੰ ਦੁਬਈ ਵਿਚ ਪ੍ਰੈੱਸ ਕਾਨਫਰੰਸ ਵਿਚ ਸ਼ਾਮਿਲ ਹੋਏ। ਇਸ ਦੌਰਾਨ ਉਨ੍ਹਾਂ ਨੇ ਜੰਗ ਦੇ ਮੁੱਦੇ 'ਤੇ ਡੂੰਘਾਈ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਇਜ਼ਰਾਈਲ ਆਪਣਾ ਬਚਾਅ ਕਿਵੇਂ ਕਰਦਾ ਹੈ ਇਹ ਮਾਇਨੇ ਰੱਖਦਾ ਹੈ। ਅਮਰੀਕਾ ਦਾ ਸਟੈਂਡ ਸਪੱਸ਼ਟ ਹੈ। ਸਾਡਾ ਮੰਨਣਾ ਹੈ ਕਿ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਬੇਕਸੂਰ ਫਲਸਤੀਨੀ ਮਾਰੇ ਜਾ ਰਹੇ ਹਨ। ਨਾਗਰਿਕਾਂ ਦੇ ਦੁੱਖਾਂ ਦਾ ਪੱਧਰ ਅਤੇ ਗਾਜ਼ਾ ਤੋਂ ਆਉਣ ਵਾਲੀਆਂ ਤਸਵੀਰਾਂ ਵਿਨਾਸ਼ਕਾਰੀ ਹਨ। ਇਹ ਦਿਲ ਤੋੜਨ ਵਾਲਾ ਹੈ। ਸਾਡਾ ਮੰਨਣਾ ਹੈ ਕਿ ਇਜ਼ਰਾਈਲ ਨੂੰ ਨਿਰਦੋਸ਼ ਲੋਕਾਂ ਦੀ ਸੁਰੱਖਿਆ ਲਈ ਹੋਰ ਕੁਝ ਕਰਨਾ ਚਾਹੀਦਾ ਹੈ।

## ਭਾਰਤ ਮਾਲਦੀਵ ਤੋਂ ਬੁਲਾਏਗਾ 75 ਸੈਨਿਕਾਂ ਨੂੰ ਵਾਪਿਸ




ਦੁਬਈ, 3 ਦਸੰਬਰ (ਪੋਸਟ ਬਿਊਰੋ): ਭਾਰਤ ਸਰਕਾਰ ਨੇ ਮਾਲਦੀਵ ਵਿੱਚ ਮੌਜੂਦ ਆਪਣੇ 75 ਸੈਨਿਕਾਂ ਨੂੰ ਵਾਪਿਸ ਬੁਲਾਉਣ ਦਾ ਫੈਸਲਾ ਕੀਤਾ ਹੈ। ਮਾਲਦੀਵ ਦੇ ਨਵੇਂ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਨੇ ਸੀਓਪੀ28 ਜਲਵਾਯੂ ਸੰਮੇਲਨ ਦੌਰਾਨ ਭਾਰਤੀ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਇਹ ਜਾਣਕਾਰੀ ਦਿੱਤੀ। ਹਾਲਾਂਕਿ ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ 'ਤੇ ਅਜੇ ਤੱਕ ਕੋਈ ਬਿਆਨ ਨਹੀਂ ਦਿੱਤਾ ਹੈ। ਚੀਨ ਪੱਖੀ ਮੰਨੇ ਜਾਂਦੇ ਰਾਸ਼ਟਰਪਤੀ ਮੁਈਜ਼ੂ ਨੇ ਕਿਹਾ ਕਿ ਇਸ ਮੁੱਦੇ 'ਤੇ ਭਾਰਤ ਸਰਕਾਰ ਨਾਲ ਗੱਲਬਾਤ ਕੀਤੀ ਗਈ ਹੈ। ਭਾਰਤ ਫੌਜਾਂ ਨੂੰ ਵਾਪਿਸ ਬੁਲਾਉਣ ਲਈ ਸਹਿਮਤ ਹੋ ਗਿਆ। ਅਸੀਂ ਵਿਕਾਸ ਪ੍ਰਾਜੈਕਟਾਂ ਨਾਲ ਜੁੜੇ ਮੁੱਦਿਆਂ ਦੇ ਹੱਲ ਲਈ ਇੱਕ ਉੱਚ ਪੱਧਰੀ ਕਮੇਟੀ ਬਣਾਉਣ ਲਈ ਵੀ ਸਹਿਮਤ ਹੋਏ ਹਾਂ।

## ਹਰਿਆਣਾ ਵਿਚ ਵਿਕਸਿਤ ਭਾਰਤ ਸੰਕਲਪ ਯਾਤਰਾ ਵਿਚ ਲੋਕਾਂ ਨੇ ਲਿਆ ਹਿੱਸਾ



ਚੰਡੀਗੜ੍ਹ, 3 ਦਸੰਬਰ (ਪੋਸਟ ਬਿਊਰੋ): ਅਗਲੇ 25 ਸਾਲਾਂ ਦੇ ਅੰਮ੍ਰਿਤਕਾਲ ਵਿਚ ਭਾਰਤ ਨੂੰ ਵਿਕਸਿਤ ਦੇਸ਼ ਬਣਾਉਣ ਲਈ ਸ਼ੁਰੂ ਕੀਤੀ ਗਈ ਵਿਕਸਿਤ ਭਾਰਤ ਸੰਕਲਪ ਯਾਤਰਾ ਹਰਿਆਣਾ ਵਿਚ ਲਗਾਤਾਰ ਤੇਜੀ ਫੜ ਰਹੀ ਹੈ। ਲੋਕਾਂ ਨੇ ਵੱਖ-ਵੱਖ ਪ੍ਰੋਗ੍ਰਾਮਾਂ ਵਿਚ ਵੱਡੇ ਵੱਧਰ 'ਤੇ ਹਿੱਸਾ ਲੈ ਕੇ ਜਨਭਾਗੀਦਾਰਤਾ ਦਾ ਵਿਸ਼ਾਲ ਸੰਦੇਸ਼ ਦਿੱਤਾ ਹੈ। ਲਗਾਤਾਰ ਤੀਜੇ ਦਿਨ 75 ਗ੍ਰਾਮ ਪੰਚਾਇਤਾਂ/ਸ਼ਹਿਰਾਂ ਵਿਚ ਵੱਖ-ਵੱਖ ਪ੍ਰੋਗ੍ਰਾਮ ਪ੍ਰਬੰਧਿਤ ਕੀਤੇ ਗਏ , ਜਿਸ ਵਿਚ 41 ਹਜ਼ਾਰ ਲੋਕਾਂ ਨੇ ਹਿੱਸਾ ਲਿਆ।

ਲੋਕਾਂ ਨੇ ਭਾਰਤ ਨੂੰ ਵਿਕਾਸਸ਼ੀਲ ਦੇਸ਼ ਵਿਚ ਵਿਕਸਿਤ ਰਾਸ਼ਟਰ ਬਣਾਉਣ ਲਈ ਸੁੰਹ ਵੀ ਲਈ। ਲੋਕਾਂ ਨੇ ਸੰਕਲਪ ਲਿਆ ਕਿ ਅਸੀਂ ਸਾਰੇ ਭਾਰਤ ਨੂੰ 2047 ਤੱਕ ਆਤਮਨਿਰਭਰ ਅਤੇ ਵਿਕਸਿਤ ਰਾਸ਼ਟਰ ਬਣਾਉਣ ਦੇ ਸਪਨੇ ਨੂੰ ਸਾਕਾਰ ਕਰਣਗੇ। ਗੁਲਾਮੀ ਦੀ ਮਾਨਸਿਕਤਾ ਨੂੰ ਜੜ ਤੋਂ ਉਖਾੜਨਗੇ। ਦੇਸ਼ ਦੀ ਖੁਸ਼ਹਾਲ ਵਿਰਾਸਤ 'ਤੇ ਮਾਣ ਕਰਣਗੇ। ਭਾਰਤ ਦੀ ਏਕਤਾ ਨੂੰ ਮਜਬੂਤ ਕਰਣਗੇ ਅਤੇ ਦੇਸ਼ ਦੀ ਰੱਖਿਆ ਕਰਨ ਵਾਲਿਆਂ ਦਾ ਸਨਮਾਨ ਕਰਣਗੇ। ਨਾਗਰਿਕ ਹੋਣ ਦੀ ਜਿਮੇਵਾਰੀ ਨਿਭਾਉਣਗੇ।

ਹਰਿਆਣਾ ਵਿਚ ਵਿਕਸਿਤ ਭਾਰਤ ਸੰਕਲਪ ਯਾਤਰਾ ਨੂੰ ਸਫਲ ਬਣਾਉਣ ਲਈ ਮੁੱਖ ਮੰਤਰੀ ਮਨੋਹਰ ਲਾਲ ਨੇ ਇਕ ਨਵੀ ਪਹਿਲ ਕਰਦੇ ਹੋਏ ਇਸ ਯਾਤਰਾ ਨੂੰ ਜਨ ਸੰਵਾਦ ਦੇ ਨਾਲ ਜੋੜਿਆ ਹੈ, ਤਾਂ ਜੋ ਨਾਗਰਿਕਾਂ ਨੂੰ ਮੌਕੇ 'ਤੇ ਹੀ ਵੱਖ-ਵੱਖ ਯੋਜਨਾਂਵਾਂ ਤੇ ਸਹੂਲਤਾਂ ਦਾ ਲਾਭ ਦਿੱਤਾ ਜਾ ਸਕੇ। ਇਸੀ ਲੜੀ ਵਿਚ ਹਰਿਆਣਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਨਿਰੋਗੀ ਹਰਿਆਣਾ ਯੋਜਨਾ ਤਹਿਤ ਤੀਜੇ ਦਿਨ ਵੀ ਹੈਲਥ ਕੈਂਪ ਲਗਾਏ ਗਏ, ਜਿਸ ਵਿਚ ਲਗਭਗ 8000 ਲੋਕਾਂ ਦਾ ਹੈਲਥ ਚੈਕਅੱਪ ਕੀਤਾ ਗਿਆ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਟੀਬੀ ਮੁਕਤ ਭਾਰਤ ਮੁਹਿੰਮ (ਪੀਏਮਟੀਬੀਏਮਏ) ਤਹਿਤ 5500 ਲੋਕਾਂ ਦੀ ਟੀਬੀ ਜਾਂਚ ਕੀਤੀ ਗਈ।

ਹਰਿਆਣਾ ਵਿਚ ਵਿਕਸਿਤ ਭਾਂਰਤ ਸੰਕਲਪ ਜਨਸੰਵਾਦ ਯਾਤਰਾ ਨੂੰ ਨਾਰੀ ਸ਼ਕਤੀ ਦੀ ਵਰਤੋ ਬਣਾਉਣ ਲਈ ਮਹਿਲਾਵਾਂ ਦੇ ਮਜਬੂਤੀਕਰਣ 'ਤੇ ਜੋਰ ਦਿੱਤਾ ਜਾ ਰਿਹਾ ਹੈ। ਤੀਜੇ ਦਿਨ ਪ੍ਰਬੰਧਿਤ ਸਥਾਨਕ ਪ੍ਰੋਗ੍ਰਾਮਾਂ ਵਿਚ ਵੱਖ-ਵੱਖ ਖੇਤਰਾਂ ਵਿਚ ਵਰਨਣਯੋਗ ਕੰਮ ਕਰਨ ਵਾਲੀ ਲਗਭਗ 300 ਮਹਿਲਾਵਾਂ ਨੂੰ ਸਨਮਾਨਿਤ ਕੀਤਾ ਗਿਆ, ਤਾਂ ਜੋ ਹੋਰ ਮਹਿਲਾਵਾਂ ਇੰਨ੍ਹਾਂ ਤੋਂ ਪ੍ਰੇਰਣਾ ਲੈ ਸਕਣ। ਇਸੀ ਤਰ੍ਹਾ, ਸਥਾਨਕ ਖਿਡਾਰੀਆਂ , ਬੁੱਧੀਜੀਵੀ ਨਾਗਰਿਕਾਂ ਅਤੇ ਲੋਕ ਕਲਾਕਾਰਾਂ ਨੂੰ ਵੀ ਇੰਨ੍ਹਾਂ ਸਥਾਨਕ ਮੰਚਾਂ 'ਤੇ ਸਨਮਾਨਿਤ ਕੀਤਾ ਜਾ ਰਿਹਾ ਹੈ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।
ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090,
ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300


ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com












# ਕਾਨਪੁਰ ਦਾ ‘ਠੱਗੂ’ ਵੀ ਚੰਗਾ ਆਖਿਆ ਜਾ ਸਕਦੈ ਪੰਜਾਬ ਦੇ ਪੱਲੇ ਪਏ ਲੀਡਰਾਂ ਨਾਲੋਂ

ਜਤਿੰਦਰ ਪਨੂੰ ਦੀ ਕਲਮ ਤੋਂ

ਕਹਿੰਦੇ ਹਨ ਕਿ ਹਰ ਨਵਾਂ ਦਿਨ ਕੁਝ ਨਵਾਂ ਲੈ ਕੇ ਆਉਂਦਾ ਹੈ। ਉਹ ਨਵਾਂ ਕੁਝ ਚੰਗਾ ਵੀ ਹੋ ਸਕਦਾ ਹੈ ਤੇ ਮਾੜਾ ਵੀ, ਕੋਈ ਪ੍ਰਾਪਤੀ ਵੀ ਅਤੇ ਕੋਈ ਅਸਫਲਤਾ ਵੀ, ਕੋਈ ਮਾਇਕ ਲਾਭ ਵੀ ਅਤੇ ਕੋਈ ਨਵੀਂ ਸੋਚ ਵੀ ਜਾਂ ਇਸ ਦੇ ਐਨ ਉਲਟ ਕਿਸੇ ਪਿਛਲੀ ਸੋਚ ਦੀ ਧਾਰਨਾ ਦਾ ਖੰਡਨ ਵੀ। ਬੀਤੇ ਹਫਤੇ ਦੇ ਕੁਝ ਦਿਨ ਸਾਡੇ ਲਈ ਇਹੋ ਜਿਹੇ ਸਨ। ਸਰਕਾਰੀ ਨੌਕਰੀ ਤੋਂ ਕੋਈ ਦਾਗ ਲਵਾਏ ਬਿਨਾਂ ਸੇਵਾ-ਮੁਕਤ ਹੋਏ ਕੁਝ ਸੱਜਣ ਪਿਛਲੇ ਦਿਨੀਂ ਚੰਡੀਗੜ੍ਹ ਵਿੱਚ ਮਿਲੇ। ਉਨ੍ਹਾਂ ਨਾਲ ਪੰਜਾਬ ਦੇ ਮੌਜੂਦਾ ਹਾਲਾਤ ਦੀ ਗੱਲ ਚੱਲੀ। ਏਦਾਂ ਦੇ ਵਕਤ ਬੀਤੇ ਸਮੇਂ ਦੀ ਗੱਲ ਚੱਲਣੀ ਵੀ ਸੁਭਾਵਕ ਸੀ। ਬਚਪਨ ਤੋਂ ਇਹ ਗੱਲ ਅਸੀਂ ਲੋਕ ਆਪਣੇ ਤੋਂ ਵੱਡਿਆਂ ਕੋਲੋਂ ਸੁਣਦੇ ਆਏ ਹਾਂ ਕਿ ਉਨ੍ਹਾਂ ਦਾ ਸਮਾਂ ਚੰਗਾ ਸੀ, ਪਿੱਛੋਂ ਹਾਲਾਤ ਵਿਗੜ ਗਏ ਸਨ। ਸਾਡੀ ਪੀੜ੍ਹੀ ਦੇ ਲੋਕ ਵੀ ਇਹੋ ਗੱਲ ਕਹਿੰਦੇ ਆਮ ਸੁਣੇ ਜਾਂਦੇ ਹਨ। ਇਸ ਨੂੰ ਘੋਖਵੀਂ ਨਜ਼ਰ ਦੇ ਨਾਲ ਵੇਖਿਆ ਜਾਵੇ ਤਾਂ ਸਾਰੀ ਕਹਾਣੀ ਦਾ ਨਿਚੋੜ ਇਹ ਨਿਕਲਦਾ ਹੈ ਕਿ ਸਾਡੇ ਵੱਡਿਆਂ ਵੇਲੇ ਵੀ ਅਤੇ ਜਵਾਨੀ ਤੋਂ ਅੱਜ ਤੱਕ ਦੇ ਸਾਡੇ ਸਫਰ ਵੇਲੇ ਵੀ ਪੰਜਾਬ ਤੇ ਦੇਸ਼ ਦੇ ਹਾਲਾਤ ਲਗਾਤਾਰ ਵਿਗੜਦੇ ਗਏ ਹਨ, ਕਦੀ ਕੋਈ ਸੁਖਾਵੇਂ ਪਾਸੇ ਦਾ ਮੋੜ ਆਉਂਦਾ ਜਾਂਦਾ ਦਿੱਸਿਆ ਹੀ ਨਹੀਂ, ਜਾਂ ਅਸਲੋਂ ਨਿਗੂਣਾ ਸਾਬਤ ਹੋਇਆ ਹੈ। ਉਨ੍ਹਾਂ ਸੇਵਾ-ਮੁਕਤ ਸੱਜਣਾਂਨੇ ਇਹੋ ਗੱਲ ਜ਼ੋਰ ਨਾਲ ਕਹੀ ਕਿ ਜਦੋਂ ਉਹ ਸੇਵਾ ਲਈ ਚੁਣੇ ਗਏ ਸਨ, ਓਦੋਂ ਅਸੂਲਾਂ ਦੀ ਪਾਲਣਾ ਨੂੰ ਪਹਿਲ ਦੇਣ ਦੀ ਹਦਾਇਤ ਕੀਤੀ ਜਾਂਦੀ ਸੀ ਤੇ ਏਸੇ ਪਹਿਲ ਤੋਂ ਕਿਸੇ ਦੇ ਚੰਗੇ ਜਾਂ ਮਾੜੇ ਹੋਣ ਦੀ ਪਰਖ ਕੀਤੀ ਜਾਂਦੀ ਸੀ, ਅੱਜਕੱਲ੍ਹ ਇਹ ਕੋਈ ਖੂਬੀ ਨਹੀਂ ਰਹੀ, ਸਗੋਂ ਏਦਾਂ ਦੇ ਬੰਦੇ ਨੂੰ ਦਾਲ ਵਿੱਚ ਕੋਰੜੂ ਸਮਝਿਆ ਜਾਂਦਾ ਹੈ। ਅਸੀਂ ਇਹ ਗੱਲ ਪੁੱਛੀ ਕਿ ਜਦੋਂ ਉਹ ਸੇਵਾ ਵਿੱਚ ਨਵੇਂ ਆਏ ਸਨ ਤਾਂ ਆਹ ਜਿਹੜੀ ਗੱਲ ਉਨ੍ਹਾਂ ਨੇ ਅੱਜ ਕਹੀ ਹੈ, ਏਦਾਂ ਦੀ ਗੱਲ ਉਨ੍ਹਾਂ ਤੋਂ ਕੁਝ ਪਹਿਲੇ ਵੀ ਕਹਿੰਦੇ ਹੋਣਗੇ ਤਾਂ ਇੱਕ ਜਣੇ ਨੇ ਹੱਸ ਕੇ ਕਿਹਾ: ਹਾਂ, ਉਹ ਵੀ ਕਹਿੰਦੇ ਹੁੰਦੇ ਸਨ ਅਤੇ ਉਹ ਠੀਕ ਕਹਿੰਦੇ ਸਨ। ਕਹਿਣ ਤੋਂ ਭਾਵ ਇਹ ਕਿ ਹਰ ਨਵੀਂ ਪੀੜ੍ਹੀ ਨਾਲ ਪੰਜਾਬ ਦੇ ਹਾਲਾਤ ਵਿੱਚ ਵਿਗਾੜ ਹੀ ਆਉਂਦਾ ਨੋਟ ਕੀਤਾ ਜਾਂਦਾ ਰਿਹਾ ਹੈ।



ਆਖਰ ਇਸ ਤਰ੍ਹਾਂ ਹੁੰਦਾ ਕਿਉਂ ਰਿਹਾ ਹੈ! ਸਾਡੀ ਜਾਚੇ ਵਿਗਾੜ ਦੇ ਇਸ ਰੁਝਾਨ ਦਾ ਅਸਲ ਕਾਰਨ ਇਹ ਸੀ ਅਤੇ ਅੱਜ ਵੀ ਇਹੋ ਮੰਨਿਆ ਜਾਂਦਾ ਹੈ ਕਿ ਪੰਜਾਬ ਅਤੇ ਪੰਜਾਬੀਆਂ ਨੂੰ ਕਦੀ ਚੱਜ ਦੀ ਲੀਡਰਸ਼ਿਪ ਨਹੀਂ ਮਿਲੀ, ਕਦੀ ਚੱਜ ਦੇ ਆਗੂ ਨਹੀਂ ਮਿਲੇ, ਜਿਹੜੇ ਆਪਣੇ ਨਿੱਜ ਤੇ ਕੋੜਮੇ ਤੋਂ ਅੱਗੇ ਕੁਝ ਸੋਚਣ ਦੀ ਲੋੜ ਸਮਝਦੇ ਹੋਣ। ਅਸੀਂ ਪੰਜਾਬ ਨੂੰ ਜਿਸ ਮੋੜ ਉੱਤੇ ਖੜਾ ਅੱਜ ਵੇਖ ਰਹੇ ਹਾਂ, ਓਥੇ ਇਸ ਨੂੰ ਉਸ ਲੀਡਰਸ਼ਿਪ ਦੀ ਲੋੜ ਹੈ, ਜਿਹੜੀ ਆਪਣੇ ਹਿੱਤਾਂ ਤੋਂ ਇਸ ਰਾਜ ਦੇ ਅਤੇ ਰਾਜ ਦੇ ਲੋਕਾਂ ਦੇ ਹਿੱਤਾਂ ਨੂੰ ਪਹਿਲ ਦੇਵੇ। ਉਹ ਲੀਡਰਸ਼ਿਪ ਏਦਾਂ ਦੀ ਚਾਹੀਦੀ ਹੈ, ਜਿਹੜੀ ਚੰਗੀ ਗੱਲ ਆਪਣੇ ਵਿਰੋਧੀ ਦੇ ਮੂੰਹੋਂ ਵੀ ਨਿਕਲਦੀ ਹੋਵੇ ਤਾਂ ਉਸ ਨੂੰ ਚੰਗੀ ਕਹਿ ਸਕਦੀ ਹੋਵੇ। ਬਦਕਿਸਮਤੀ ਨਾਲ ਸਾਡੇ ਲੀਡਰਾਂ ਵਿੱਚ ਇਹ ਚਿੰਤਾ ਭਾਰੂ ਰਹਿੰਦੀ ਹੈ ਕਿ ਜੇ ਮੈਂ ਆਪਣੇ ਵਿਰੋਧੀ ਦੀ ਇੱਕ ਵੀ ਗੱਲ ਨੂੰ ਠੀਕ ਆਖ ਦੇਵਾਂਗਾ ਤਾਂ ਉਹ ਬੇਸ਼ੱਕ ਕਿੰਨਾ ਵੀ ਠੀਕ ਕਹਿੰਦਾ ਤੇ ਕਰਦਾ ਪਿਆ ਹੋਵੇ, ਇਸ ਨਾਲ ਇੱਕ ਨੇਤਾ ਵਜੋਂ ਮੇਰੀ ਅਹਿਮੀਅਤ ਘਟ ਜਾਵੇਗੀ ਤੇ ਉਸ ਦਾ ਅਕਸ ਚਮਕਣ ਦੀ ਸੰਭਾਵਨਾ ਵਧ ਜਾਵੇਗੀ। ਇਸ ਕਰ ਕੇ ਕਿਸੇ ਵੀ ਆਗੂ ਦੇ ਬਿਆਨ ਵਿੱਚੋਂ ਕੰਮ ਦੀ ਕੋਈ ਗੱਲ ਲੱਭਣ ਦੀ ਥਾਂ ਸਿਰਫ ਨੁਕਸ ਲੱਭਣ ਵਾਸਤੇ ਜ਼ੋਰ ਲਾਇਆ ਜਾਂਦਾ ਹੈ ਜਾਂ ਆਪਣੀ ਸੂਝ ਕਿਰਾਏ ਉੱਤੇ ਦੇ ਸਕਣ ਵਾਲੇ ਸਿਆਣੇ ਲੱਭ ਕੇ ਇਸ ਕੰਮ ਲਾਏ ਜਾਂਦੇ ਹਨ। ਅਜੋਕੇ ਪੰਜਾਬ ਦੀਆਂ ਬਹੁਤ ਸਾਰੀਆਂ ਉਲਝਣਾਂ ਅਤੇ ਔਕੜਾਂ ਇਸ ਕਰ ਕੇ ਪੈਦਾ ਹੋਈਆਂ ਅਤੇ ਵਧਦੀਆਂ ਗਈਆਂ ਹਨ ਕਿ ਨਿੱਜੀ ਚੌਧਰ ਦੀ ਭਾਵਨਾ ਨੇ ਚੰਗੀ ਗੱਲ ਨੂੰ ਵੀ ਚੰਗੀ ਨਹੀਂ ਸੀ ਕਹਿਣ ਦਿੱਤਾ।

ਬਹੁਤ ਪਿੱਛੇ ਜਾਈਏ ਤਾਂ ਇੱਕ ਮੌਕੇ ਪੰਜਾਬ ਵਿੱਚ ਰਾਜ ਦੀ ਕਮਾਨ ਕਰ ਰਹੇ ਪ੍ਰਤਾਪ ਸਿੰਘ ਕੈਰੋਂ ਨੂੰ ਜਦੋਂ ਸੁਣਨ ਨੂੰ ਮਿਲਿਆ ਕਿ ਪੰਡਿਤ ਜਵਾਹਰ ਲਾਲ ਨਹਿਰੂ ਨੇ ਸਿੱਖ ਆਗੂਆਂ ਵਿੱਚੋਂ ਫਲਾਣੇ ਨਾਲ ਗੱਲ ਛੇੜੀ ਅਤੇ ਉਸ ਨੂੰ ਅੱਗੇ ਲਾ ਕੇ ਪੰਜਾਬ ਵਿੱਚ ਸਾਂਝੀ ਸਰਕਾਰ ਬਣਾਉਣ ਦੀ ਸੋਚੀ ਹੈ ਤਾਂ ਉਸ ਨੇ ਪਹਿਲੀ ਚਾਬੀ ਘੁੰਮਾਈ ਸੀ। ਅਕਾਲੀਆਂ ਦਾ ਦਿਮਾਗ ਗਿਣੇ ਜਾਂਦੇ ਇੱਕ ਆਗੂ ਨਾਲ ਗੱਲ ਕਰ ਕੇ ਦੋ ਵੱਡੇ ਅਕਾਲੀ ਲੀਡਰਾਂ ਵਿੱਚੋਂ ਇੱਕ ਦੇ ਖਿਲਾਫ ਦੂਸਰੇ ਨੂੰ ਉਭਾਰਿਆ ਤੇ ਉਸ ਦਾ ਮਰਨ-ਵਰਤ ਰਖਵਾਉਣ ਦੀ ਖੇਡ ਸ਼ੁਰੂ ਕਰ ਦਿੱਤੀ। ਨਤੀਜੇ ਵਜੋਂ ਅਕਾਲੀ ਦਲ ਦਾ ਨੁਕਸਾਨ ਕਰਦਾ ਹੋਇਆ ਉਹ ਕਾਂਗਰਸਤੇ ਪੰਜਾਬ ਦਾ ਨੁਕਸਾਨ ਵੀ ਕਰ ਕੇਦੁਨੀਆ ਤੋਂ ਗਿਆ ਸੀ। ਜਦੋਂ ਪੰਜਾਬ ਵਿੱਚ ਪਹਿਲੀ ਗੈਰ-ਕਾਂਗਰਸੀ ਸਰਕਾਰ ਬਣੀ ਤਾਂ ਲਛਮਣ ਸਿੰਘ ਗਿੱਲ ਨੂੰ ਵਰਤ ਕੇ ਉਸ ਸਰਕਾਰ ਦਾ ਭੋਗ ਪਵਾਇਆ ਗਿਆ ਸੀ, ਪਰ ਫੇਰਗਿੱਲਦੀਹਮਾਇਤ ਵਾਪਸ ਲੈ ਕੇ ਆਪਣੇ ਲਈ ਰਾਹ ਕੱਢਣ ਦੇ ਉਹ ਦਾਅ ਸ਼ੁਰੂ ਕੀਤੇ ਗਏ, ਜਿਹੜੇ ਸਮਾਂ ਪਾ ਕੇ ਪੰਜਾਬ ਦੀ ਵੱਡੀ ਬਦਕਿਸਮਤੀ ਦਾ ਕਾਰਨ ਬਣੇ ਸਨ ਅਤੇ ਅੱਜ ਤੱਕ ਉਸ ਦੌਰ ਦੇ ਖਿਲਾਰੇ ਕੰਡੇ ਚੁਣਨੇ ਮੁਸ਼ਕਲ ਹਨ। ਉਸ ਦੇ ਬਾਅਦ ਐਮਰਜੈਂਸੀ ਦਾ ਐਲਾਨ ਹੁੰਦੇ ਸਾਰ ਇੰਦਰਾ ਗਾਂਧੀ ਨੇ ਜਦੋਂ ਇੱਕ ਅਕਾਲੀ ਆਗੂ ਨੂੰ ਇਸ ਦੀ ਹਮਾਇਤ ਲਈ ਰਾਜ਼ੀ ਕਰ ਲਿਆ ਤਾਂ ਸਹਿਮਤੀ ਉੱਤੇ ਪਾਣੀ ਫੇਰਨ ਦੇ ਲਈ ਇੰਦਰਾ ਗਾਂਧੀ ਦੇ ਇੱਕ ‘ਭਰੋਸੇਮੰਦ’ ਕਾਂਗਰਸੀ ਆਗੂ ਨੇ ਉਸ ਅਕਾਲੀ ਲੀਡਰ ਨਾਲ ਸ਼ਰੀਕ-ਸਾੜੇ ਵਾਲੇ ਦੂਜੇ ਆਗੂ ਨੂੰ ਸੁਨੇਹਾ ਭੇਜ ਕੇ ਇਸ ਦੇ ਵਿਰੁੱਧ ਇੱਕ-ਤਰਫਾ ਐਲਾਨ ਕਰਵਾ ਛੱਡਿਆ ਸੀ। ਜਦੋਂ ਪੰਜਾਬ ਦੇ ਹਾਲਾਤ ਵੱਧ ਵਿਗੜੇ ਵੇਖ ਕੇ ਤਿੰਨ-ਧਿਰੀ ਗੱਲਬਾਤ ਵਿੱਚ ਸਮਝੌਤੇ ਦਾ ਰਾਹ ਲਗਭਗ ਕੱਢਿਆ ਜਾ ਚੁੱਕਾ ਸੀ ਤਾਂ ਦਿੱਲੀ ਤੋਂ ਅੰਮ੍ਰਿਤਸਰ ਕੀਤਾ ਇੱਕ ਫੋਨ ਨਾਲ ਦੇ ਕਮਰੇ ਵਿੱਚ ਹੁੰਦੀ ਅਕਾਲੀ ਬੈਠਕ ਛੱਡ ਕੇ ਜਿਹੜਾ ਆਗੂ ਸੁਣਨ ਲਈਸੱਦਿਆ ਗਿਆ, ਉਸ ਨੇ ਪੰਜ ਮਿੰਟਾਂ ਵਿੱਚ ਉਸ ਮੀਟਿੰਗ ਦਾ ਮਾਹੌਲ ਉਲਟਾ ਕਰ ਦਿੱਤਾ ਸੀ। ਰਾਜੀਵ ਗਾਂਧੀ ਨਾਲ ਜਦੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਵਿੱਚ ਅਮਨ ਵਾਸਤੇ ਸਮਝੌਤਾ ਕੀਤਾ ਤਾਂ ਉਸ ਦੀ ਸਿਆਹੀ ਸੁੱਕਣ ਤੋਂ ਪਹਿਲਾਂ ਦਿੱਲੀ ਬੈਠੇ ਇੰਦਰਾ ਗਾਂਧੀ ਦੇ ਇੱਕ ‘ਭਰੋਸੇਮੰਦ’ ਨੇ ਦੋ ਦੂਸਰੇ ਲੀਡਰਾਂ ਨੂੰ ਉਕਸਾ ਕੇ ਸਮਝੌਤੇ ਦਾ ਵਿਰੋਧ ਕਰਵਾ ਦਿੱਤਾ ਸੀ। ਇਨ੍ਹਾਂ ਸਾਰਿਆਂ ਨੇ ਇਹ ਕੰਮ ਆਪਣੇ ਦੇਸ਼, ਪੰਜਾਬ ਜਾਂ ਆਪਣੇ ਭਾਈਚਾਰੇ ਵਾਸਤੇ ਨਹੀਂ ਸੀ ਕੀਤਾ, ਸਗੋਂ ਇਸ ਲਈ ਕੀਤਾ ਸੀ ਕਿ ਇਸ ਦਾ ਲਾਭ ਫਲਾਣੇ ਨੂੰ ਮਿਲਿਆ ਤਾਂ ਅਸੀਂ ਰਾਜ-ਮਹਿਲ ਤੱਕ ਪਹੁੰਚਣ ਦੀ ਦੌੜ ਵਿੱਚ ਪਿੱਛੇ ਰਹਿ ਜਾਵਾਂਗੇ। ਉਹ ਦੌੜ ਕਦੀ ਵੀ ਰੁਕੀ ਨਹੀਂ, ਅੱਜ ਤੱਕ ਚੱਲ ਰਹੀ ਹੈ ਅਤੇ ਚੱਲਦੀ ਰਹੇਗੀ।

ਪੰਜਾਬ ਵਿੱਚ ਹਰ ਸਮੇਂ ਕਿਸੇ ਯੋਗ ਆਗੂ ਦੀ ਹੋਂਦ ਦਾ ਸੰਕਟ ਰਿਹਾ ਹੈ ਅਤੇ ਇਹ ਸੰਕਟ ਅੱਜ ਵੀ ਹੈ। ਇਸ ਵੇਲੇ ਸਰਕਾਰ ਚਲਾ ਰਹੇ ਜਾਂ ਸਰਕਾਰ ਦਾ ਵਿਰੋਧ ਕਰਦੇ ਬਾ-ਕਾਇਦਾ ਅਤੇ ਬੇ-ਕਾਇਦਾ ਲੀਡਰਾਂ ਵਿੱਚ ਪੰਜਾਬ ਦੇ ਮੁੱਦਿਆਂ ਵਾਸਤੇ ਕੋਈ ਸਾਂਝੀ ਸੁਰ ਨਹੀਂ ਲੱਭਦੀ, ਸਗੋਂ ਜੇ ਕਦੀ ਉਹ ਥੋੜ੍ਹੀ ਜਿਹੀ ਇੱਕ ਦੂਸਰੇ ਦੀ ਸਿਫਤ ਕਰ ਬਹਿਣ ਤਾਂ ਦੂਸਰੇ ਦਿਨ ਇਸ ਦੀ ਚਰਚਾ ਹੁੰਦੇ ਸਾਰ ਆਪਣੇ ਉੱਤੇ ਵਿਰੋਧੀਆਂ ਨਾਲ ਮਿਲਿਆ ਹੋਣ ਦਾ ਦੋਸ਼ ਲੱਗਣ ਤੋਂ ਡਰਦੇ ਹਨ। ਪਿਛਲੇਹਫਤੇ ਜਦੋਂ ਪੰਜਾਬ ਅਸੈਂਬਲੀ ਦਾ ਦੋ ਦਿਨਾਂ ਸੈਸ਼ਨ ਹੋਇਆ ਤਾਂ ਪਹਿਲੇ ਦਿਨ ਆਪੋਜ਼ੀਸ਼ਨ ਲੀਡਰ ਪ੍ਰਤਾਪ ਸਿੰਘ ਬਾਜਵਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ-ਦੂਸਰੇ ਦੇ ਕੋਟ ਜਾਂ ਸ਼ਾਲ ਦੀ ਸਿਫਤਕਰ ਦਿੱਤੀ, ਅਗਲੇ ਦਿਨ ਮੀਡੀਏ ਵਿੱਚ ਆਈ ਖਬਰ ਨੇ ਏਨਾ ਪ੍ਰਭਾਵ ਪਾਇਆ ਕਿ ਉਹ ਫਿਰ ਭਿੜਨ ਦੇ ਰਾਹ ਪੈ ਗਏ। ਸਰਕਾਰੀ ਸੇਵਾ ਤੋਂ ਦਾਗ ਲਵਾਏ ਬਗੈਰ ਸੇਵਾ-ਮੁਕਤ ਹੋਏ ਉਨ੍ਹਾਂ ਸੱਜਣਾਂ ਦਾ ਇਹ ਪ੍ਰਭਾਵ ਸੀ ਕਿ ਜੇ ਏਨੀ ਕੁ ਖਬਰ ਨਾਲ ਪੰਜਾਬ ਦੇ ਲੀਡਰ ਆਪਸ ਵਿੱਚ ਅੱਖ ਮਿਲਾਉਣ ਤੋਂ ਭੱਜ ਖੜੋਂਦੇ ਹਨ ਤਾਂ ਉਹ ਹੋਰ ਜੋ ਮਰਜ਼ੀ ਕਰਦੇ ਜਾਣ, ਪੰਜਾਬ ਦੇ ਹਿੱਤਾਂ ਲਈ ਮੁੱਦਿਆਂ ਮੁਤਾਬਕ ਸਟੈਂਡ ਕਦੇਨਹੀਂ ਲੈ ਸਕਦੇ। ਉਨ੍ਹਾਂ ਵਿੱਚੋਂ ਇੱਕ ਜਣਾ, ਜਿਹੜਾ ਰਾਜੀਵ-ਲੌਂਗੋਵਾਲ ਸਮਝੌਤਾ ਹੋਣਵੇਲੇ ਪੰਜਾਬ ਦੀ ਸਿਖਰਲੀ ਅਫਸਰਸ਼ਾਹੀ ਵਿੱਚ ਤਾਂ ਨਹੀਂ ਸੀ, ਪਰ ਸਿਖਰਲੀ ਅਫਸਰਸ਼ਾਹੀ ਦੇ ਪ੍ਰਮੁੱਖ ਸਹਾਇਕ ਵਜੋਂ ਸਾਰੇ ਹਾਲਾਤ ਨਾਲ ਜੁੜਿਆ ਰਿਹਾ ਸੀ, ਸਾਫ ਕਹਿੰਦਾ ਸੀ ਕਿ ਸਮਝੌਤਾ ਚੰਗਾ ਸੀ ਜਾਂ ਮੰਦਾ, ਜੇ ਓਦੋਂ ਪੰਜਾਬ ਦੇ ਲੀਡਰਾਂ ਨੇ ਨਿੱਜ ਦੀ ਥਾਂ ਲੋਕ-ਹਿੱਤ ਨੂੰ ਪਹਿਲ ਦਿੱਤੀ ਹੁੰਦੀ ਤਾਂ ਸਾਡੇ ਲੋਕਾਂ ਨੂੰ ਲੰਮਾ ਸੰਤਾਪ ਨਹੀਂ ਸੀ ਭੁਗਤਣਾ ਪੈਣਾ। ਸਮਝੌਤੇ ਵਿੱਚ ਨੁਕਸਾਂ ਬਾਰੇ ਵੀ ਉਹ ਸਾਫ ਕਹਿੰਦਾ ਸੀ ਕਿ ਉਹ ਦੂਰ ਕਰਵਾਏ ਜਾ ਸਕਦੇ ਸਨ, ਪਰ ਪੰਜਾਬ ਦੀ ਲੀਡਰਸ਼ਿਪ ਚੰਗੀ ਨਹੀਂ ਨਿਕਲੀ। ਲੀਡਰਸ਼ਿਪ ਚੰਗੀ ਨਹੀਂ ਨਿਕਲੀ ਜਾਂ ਸਿਆਣੀ ਨਹੀਂ ਨਿਕਲੀ (ਕਿਉਂਕਿ ਚੰਗਾ ਅਤੇ ਸਿਆਣਾ ਹੋਣ ਦਾ ਫਰਕ ਵੀ ਬਹੁਤ ਵੱਡਾ ਹੁੰਦਾ ਹੈ) ਜਾਂ ਸਾਫ ਹੈ ਕਿ ਲੀਡਰਸ਼ਿਪ ਸਿਆਣੀ ਵੀ ਸੀ, ਪਰ ਦਿਲੋਂ ਈਮਾਨਦਾਰ ਨਹੀਂ ਸੀ, ਏਦੂੰ ਵੀ ਸਾਫ ਕਹਿਣਾ ਹੋਵੇ ਤਾਂ ਲੀਡਰਸ਼ਿਪ ਬੇਈਮਾਨ ਸੀ। ਕੁਝ ਵੀ ਕਿਹਾ ਜਾ ਸਕਦਾ ਹੈ। ਜੇ ਲੀਡਰਸ਼ਿਪ ਸਿਆਣੀ ਹੁੰਦੀ ਜਾਂ ਬੇਸ਼ੱਕ ਨਾ ਵੀ ਸਿਆਣੀ ਹੁੰਦੀ, ਪਰ ਈਮਾਨਦਾਰ ਹੀ ਹੁੰਦੀ ਤਾਂ ਕਈ ਮੁੱਦੇ ਹੱਲ ਹੋ ਜਾਂਦੇ। ਜਦੋਂ ਬਾਕੀ ਸਾਰੇ ਰਾਜ ਭਾਸ਼ਾ ਦੀ ਨੀਂਹ ਉੱਤੇ ਆਧਾਰਤ ਮੰਨ ਲਏ ਗਏ ਸਨ ਤਾਂ ਇਹ ਲੀਡਰਸ਼ਿਪ ਇਕੱਠੇ ਹੋ ਕੇ ਕਈ ਕੁਝ ਕਰਵਾ ਸਕਦੀ ਸੀ, ਪਰ ਮੁਸ਼ਕਲ ਇਹ ਸੀ ਕਿ ਫਿਰ ਸਿਆਣੀ ਗੱਲ ਕਹਿਣ ਵਾਲੇ ਆਗੂ ਦੀ ਅਗਵਾਈ ਮੰਨਣੀ ਪੈਣੀ ਸੀ। ਕਿਸੇ ਦੀ ਅਗਵਾਈ ਮੰਨ ਲੈਣ ਦਾ ਭਾਵ ਹਰ ਆਗੂ ਲਈ ਆਪਣੀ ਸਿਆਸੀ ‘ਦੁਕਾਨਦਾਰੀ’ ਸਮੇਟੇ ਜਾਣ ਦਾ ਡਰ ਪੈਦਾ ਕਰਦਾ ਹੈ, ਇਸ ਲਈ ਉਹ ਹੋਰ ਜੋ ਮਰਜ਼ੀ ਕਰੀ ਜਾਣ, ਦੂਸਰੇ ਦੀ ਕਹੀ ਗੱਲ ਭਾਵੇਂ ਕਿੰਨੀ ਵੀ ਠੀਕ ਹੋਵੇ, ਉਸ ਦੀ ਹਾਮੀ ਭਰਨ ਦੀ ਗਲਤੀ ਕਦੀ ਵੀ ਨਹੀਂ ਕਰਦੇ। ਨਾਲ ਇਹ ਗੱਲ ਅੱਖੋਂ ਪਰੋਖੇ ਕਰਨ ਵਾਲੀ ਨਹੀਂ ਕਿ ਜਦੋਂ ਹਾਮੀ ਦੀ ਬਜਾਏ ਵਿਰੋਧ ਕਰ ਕੇ ਆਪਣੇ ਜਾਂ ਆਪਣੇ ਬਾਲ-ਬੱਚਿਆਂ ਲਈ ਮੌਕੇ ਪੈਦਾ ਕੀਤੇ ਜਾ ਸਕਦੇ ਹੋਣ ਤਾਂ ਇਨ੍ਹਾਂ ਆਗੂਆਂ ਲਈ ਪਹਿਲ ਦਾ ਮੁੱਦਾ ਲੋਕ-ਹਿੱਤ ਕਦੇ ਨਹੀਂ ਹੋ ਸਕਦੇ, ਆਪਣਾ ਅਤੇ ਆਪਣੇ ਪਰਵਾਰ ਦਾ ਭਵਿੱਖ ਹੁੰਦਾ ਹੈ। ਇਸ ਵਕਤ ਜਿਸ ਮੋੜ ਉੱਤੇ ਸਾਡੇ ਪੰਜਾਬ ਦੇ ਲੋਕ ਖੜੇ ਦਿੱਸਦੇ ਹਨ, ਏਥੇ ਇੱਕ ਵਾਰ ਫਿਰ ਈਮਾਨਦਾਰ ਲੀਡਰਸ਼ਿਪ ਦੀ ਲੋੜ ਹੈ, ਜਿਹੜੀ ਕਿਤੇ ਨਹੀਂ ਰੜਕਦੀ।

ਉੱਤਰ ਪ੍ਰਦੇਸ਼ ਦੇ ਸ਼ਹਿਰ ਕਾਨਪੁਰ ਵਿੱਚ ਮਿਠਾਈ ਦੀ ਇੱਕ ਦੁਕਾਨ ਦਾ ਨਾਂਅ ‘ਠੱਗੂ ਕੇ ਲੱਡੂ’ ਹੈ, ਜਿਸ ਦੇ ਨਾਲ ਦੁਕਾਨਦਾਰ ਨੇ ਈਮਨਦਾਰੀ ਅਤੇ ਸ਼ੁੱਧਤਾ ਦਾ ਨਾਅਰਾ ਨਹੀਂ ਲਿਖਿਆ। ਓਥੇ ਜਾਣ ਵਾਲਾ ਹਰ ਕੋਈ ਇਹ ਪੜ੍ਹ ਕੇ ਹੈਰਾਨ ਹੁੰਦਾ ਹੈ ਕਿ ‘ਏਸਾ ਕੋਈ ਸਗਾ ਨਹੀਂ, ਜਿਸ ਕੋ ਹਮ ਨੇ ਠਗਾ ਨਹੀਂ’। ਆਪਣੇ ਆਪ ਨੂੰ ‘ਠੱਗੂ’ ਕਹਿਣ ਅਤੇ ਇਹ ਐਲਾਨ ਕਰਨ ਵਾਲਾ ਕਿ ਅਸੀਂ ਆਪਣੇ ਸਕੇ-ਸੋਧਰਿਆਂ ਨੂੰ ਵੀ ਠੱਗਣ ਤੋਂ ਲਿਹਾਜ ਨਹੀਂ ਕੀਤਾ, ਪੰਜਾਬ ਵਾਲੇ ਸਾਡੇ ਲੀਡਰਾਂ ਤੋਂ ਈਮਾਨਦਾਰ ਹੈ, ਕਿਉਂਕਿ ਉਹ ਆਪਣੇ ‘ਠੱਗੂ’ ਹੋਣ ਦੇ ਕਿਰਦਾਰ ਨੂੰ ਛੁਪਾਉਂਦਾ ਨਹੀਂ, ਸਾਡੇ ਪੰਜਾਬ ਦੇ ਉਹ ਆਗੂ ਵੀ ਈਮਾਨ ਦੇ ਪੁਤਲੇ ਬਣੇ ਫਿਰਦੇ ਹਨ, ਜਿਨ੍ਹਾਂ ਨੇ ਕਿਸੇ ਆਪਣੇ-ਪਰਾਏ ਨੂੰ ਬਖਸ਼ਿਆ ਨਹੀਂ। ਪੰਜਾਬ ਦੀ ਤ੍ਰਾਸਦੀ ਇਹੋ ਹੈ ਕਿ ਇਸ ਦੇ ਲੋਕਾਂ ਨੂੰ ਲੁੱਟ ਕੇ ਖਾ ਜਾਣ ਵਾਲੇ ਵੀ ਆਪਣੇ ਆਪ ਨੂੰ ਲੋਕ-ਹਿੱਤਾਂ ਨੂੰ ਪ੍ਰਣਾਇਆ ਬਣਾ ਕੇ ਏਦਾਂ ਵਿਚਰਦੇ ਹਨ ਕਿ ਵੇਖਣ-ਜਾਣਨ ਵਾਲੇ ਲੋਕਾਂ ਨੂੰ ਆਪਣੀ ਨਜ਼ਰ ਅਤੇ ਅਕਲ ਉੱਤੇ ਸ਼ੱਕ ਜਿਹਾ ਹੋਣ ਲੱਗਦਾ ਹੈ।

## ਹਲਕਾ ਫੁਲਕਾ

ਇੱਕ ਵਿਅਕਤੀ ਦੋ ਮਹੀਨਿਆਂ ਤੋਂ ਹਸਪਤਾਲ ਵਿੱਚ ਸੀ, ਜਦੋਂ ਉਸ ਨੂੰ ਛੁੱਟੀ ਮਿਲੀ ਤਾਂ ਉਸ ਨੂੰ ਲੱਗਾ ਕਿ ਉਸ ਨੂੰ ਨਰਸ ਨਾਲ ਪਿਆਰ ਹੋ ਗਿਆ ਸੀ। ਉਸ ਨੇ ਸੋਚਿਆ ਕਿ ਉਸ ਨੂੰ ਆਪਣੇ ਦਿਲ ਦੀ ਗੱਲ ਕਰਨੀ ਚਾਹੀਦੀ ਹੈ। ਜਦੋਂ ਉਸ ਨੇ ਨਰਸ ਨੂੰ ਦੇਖਿਆ ਤਾਂ ਬੋਲਿਆ, ‘‘ਮੈਂ ਤੁਹਾਨੂੰ ਪਿਆਰ ਕਰਦਾ ਹਾਂ। ਤੁਸੀਂ ਮੇਰਾ ਦਿਲ ਚੋਰੀ ਕਰ ਲਿਆ।’’

ਨਰਸ, ‘‘ਚੱਲ ਝੂਠਾ, ਅਸੀਂ ਸਿਰਫ ਤੇਰਾ ਗੁਰਦਾ ਚੋਰੀ ਕੀਤਾ ਹੈ।’’

********

ਫੋਨ ਦੀ ਘੰਟੀ ਵੱਜੀ ਅਤੇ ਡਾਕਟਰ ਸਾਹਿਬ ਛੇਤੀ ਨਾਲ ਤਿਆਰ ਹੋ ਕੇ ਜਾਣ ਲੱਗੇ। ਉਨ੍ਹਾਂ ਦੀ ਬੇਟੀ ਨੇ ਉਨ੍ਹਾਂ ਨੂੰ ਕਾਹਲੀ-ਕਾਹਲੀ ਜਾਂਦੇ ਦੇਖਿਆ ਤਾਂ ਪੁੱਛਿਆ, ‘‘ਇੰਨੀ ਛੇਤੀ-ਛੇਤੀ ਕਿੱਥੇ ਜਾ ਰਹੇ ਹੋ?’’

ਪਿਤਾ, ‘‘ਹੋਟਲ ਦੇ ਕਮਰਾ ਨੰਬਰ 302 ਤੋਂ ਇੱਕ ਫੋਨ ਆਇਆ ਸੀ ਕਿ ਛੇਤੀ ਆਓ, ਨਹੀਂ ਤਾਂ ਮੇਰੀ ਜਾਨ ਨਿਕਲ ਜਾਵੇਗੀ।’’

ਡਾਕਟਰ ਸਾਹਿਬ, ਦੀ ਬੇਟੀ ਸ਼ਰਮਾਉਂਦੇ ਹੋਏ ਬੋਲੀ, ‘‘ਨਹੀਂ ਪਾਪਾ, ਉਹ ਫੋਨ ਮੇਰੇ ਲਈ ਸੀ।’’

********

ਇੱਕ ਔਰਤ ਵਿਧਵਾ ਪੈਨਸ਼ਨ ਦਾ ਫਾਰਮ ਭਰਨ ਗਈ...

ਅਧਿਕਾਰੀ, ‘‘ਕਿੰਨਾ ਸਮਾਂ ਹੋ ਗਿਆ ਹੈ ਤੁਹਾਡੇ ਪਤੀ ਨੂੰ ਮਰੇ?"

ਔਰਤ, ‘‘ਜੀ, ਉਹ ਤਾਂ ਹਾਲੇ ਘਰ ਵਿੱਚ ਹੀ ਹਨ।"

ਅਧਿਕਾਰੀ, ‘‘ਫਿਰ ਫਾਰਮ ਕਿਉਂ ਭਰ ਰਹੇ ਹੋ ਤੁਸੀਂ?"

ਔਰਤ, ‘‘ਸਾਬ੍ਹ! ਸਰਕਾਰੀ ਕੰਮਾਂ ਵਿੱਚ ਸਮਾਂ ਲੱਗਦਾ ਹੈ, ਜਦ ਤੱਕ ਹੋਵੇਗਾ, ਤਦ ਤੱਕ ਤਾਂ ਮਰ ਜਾਣਗੇ।"



